੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

ਖ਼ਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੩੪ ਜਿਲਦ ੩੦ ੩-੯ ਸਤੰਬਰ ੨੦੨੦, ੧੯-੨੫ ਭਾਦਰੋਂ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 34 Volume 30, 3-9 September 2020
Yearly Subscription India 250/-, Abroad 2500/- and Life Membership India 2500/-, Abroad 25000/-

ਗੁਰਗੱਦੀ ਪੁਰਬ ਗੁਰੂ ਅੰਗਦ ਦੇਵ ਜੀ : 7 ਸਤੰਬਰ/ਅੱਸੂ ਵਦੀ ੫

# ਲਹਿਣਾਂ ਤੋਂ ਗੁਰੂ ਅੰਗਦ ਸਾਹਿਬ

❖ ਗਿਆਨੀ ਮਹਾਂ ਸਿੰਘ

ਕੱਲ ਭਟ ਨੇ ਕਿਹਾ ਹੈ।

**ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ॥**
**ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ॥** (੧੩੯੨)

ਤੇ ਫੇਰ ਕਿਹਾ ਹੈ:

**ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥** (੧੩੯੨)

ਇਹ ਕਿਹੜੇ ਸਤਿਗੁਰ ਦੇ ਦਰਸਨ ਪਰਸਨ ਦੇ ਫਲ ਕੱਲ ਭਟ ਨੇ ਨਿਜ ਤਜਰਬੇ ਦੇ ਆਧਾਰ ਤੇ ਕਿਹਾ ਹੈ? ਇਹ ਹੈ ਦੂਸਰੇ ਪਾਤਸਾਹ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਦਰਸ਼ਨ ਦਾ ਫਲ। ਆਓ ਉਨ੍ਹਾਂ ਦੇ ਪਵਿਤ੍ਰ ਅਵਤਾਰ ਪੁਰਬ ਦੇ ਸੁਅਵਸਰ ਤੇ ਅਸੀਂ ਬੀ ਰਤੀ ਭਰ ਉਨ੍ਹਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕਰੀਏ।

ਵੈਸਾਖ ਸੁਦੀ ਏਕਮ ਸੰਮਤ 1561 ਬਿ: ਨੂੰ ਆਪਦਾ ਅਵਤਾਰ ਮੱਤੇ ਦੀ ਸਰਾਂ (ਜਿਸ ਨੂੰ ਹੁਣ ਨਾਗੇ ਦੀ ਸਰਾਂ ਕਹਿੰਦੇ ਹਨ) ਜ਼ਿਲਾ ਫੀਰੋਜ਼ਪੁਰ ਵਿਚ ਬਾਬਾ ਫੇਰੂ ਮਲ ਜੀ ਦੇ ਗ੍ਰਿਹ ਮਾਤਾ ਦਇਆ ਕੌਰ ਜੀ ਦੀ ਗੋਦ ਵਿਚ ਹੋਇਆ। ਆਪ ਦਾ ਮਾਤਾ ਪਿਤਾ ਨੇ ਬੜਾ ਪਿਆਰਾ ਤੇ ਸਾਰਥਕ ਨਾਮ 'ਲਹਿਣਾ' ਰਖਿਆ, ਖਾਨਦਾਨ ਤ੍ਰੇਹਣ ਖੱਤ੍ਰੀਆ ਦਾ ਚੰਗਾ ਰੱਜਿਆ ਪੁੱਜਿਆ ਸੀ। ਨਗਰ ਵਿਚ ਦੇਵੀ ਦੀ ਉਪਾਸਨਾ ਪ੍ਰਧਾਨ ਸੀ। ਸ੍ਰੀ ਲਹਿਣਾ ਜੀ ਵਡੇ ਹੋਏ ਤਾਂ ਆਪਦਾ ਮਨ ਬੀ ਭਗਤੀ ਭਾਵਨਾ ਦੀ ਰੁਚੀ ਵਾਲਾ ਹੋਣ ਕਰਕੇ ਦੇਵੀ ਉਪਾਸਨਾ ਵਿਚ ਪਰਿਚਿਤ ਹੋਇਆ। ਹਰ ਸਾਲ ਨਗਰ ਦੇ ਯਾਤ੍ਰੀਆਂ ਦਾ ਸੰਗ ਦੇਵੀ ਦੇ ਦਰਸ਼ਨਾਂ ਲਈ ਜੁਆਲਾ ਜੀ ਜਾਂਦਾ ਸੀ, ਆਪ ਈ ਇਸ ਦੇ ਸਾਥੀ ਹੋਕੇ ਜਾਂਦੇ ਰਹੇ, ਭਗਤੀ ਭਾਵਨਾ ਆਪ ਵਿਚ ਵਿਸ਼ੇਸ਼ ਹੋਣ ਕਰਕੇ ਸੰਗੀਆਂ ਨੇ ਆਪ ਨੂੰ ਆਪਣੇ ਸੰਗ ਦਾ ਮੁਖੀ ਥਾਪ ਲਿਆ ਤੇ ਇਉਂ ਕਈ ਸਾਲ ਯਾਤ੍ਰਾ ਕੀਤੀਆਂ।

ਪਰ ਕੁਦਰਤ ਨੇ ਆਪ ਦਾ ਨਾਮ 'ਲਹਿਣਾ' ਰਖਾਇਆ ਸੀ, ਸੋ ਆਪਨੇ ਲਹਿਣਾ ਸੀ ਕਿਸੇ ਹੋਰ ਸ਼ਾਹ ਕੋਲੋਂ, ਜਿਸਦੀ ਅਜੇ ਕੰਨੀ ਸੋ ਨਹੀਂ ਸੀ ਪਈ। ਇਕ ਦਿਨ ਇਕ ਸਿੱਖ ਦੀ ਰਸਨਾ ਤੋਂ ਬੜੀ ਪਿਆਰੀ ਤੇ ਮਿੱਠੀ ਬਾਣੀ ਦੀ ਆਵਾਜ਼ ਕੰਨੀ ਪਈ, ਮਨ ਖਿੱਚਿਆ ਗਿਆ। ਪੁੱਛਣ ਤੇ ਪਤਾ ਲਗਾ ਕਿ ਇਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ, ਜੋ ਅੱਜ ਕਲ ਸ੍ਰੀ ਕਰਤਾਰਪੁਰ (ਰਾਵੀ ਦੇ ਕੰਢੇ) ਨਿਵਾਸ ਰਖਦੇ ਹਨ। ਮਨ ਵਿਚ ਧਾਰਨਾ ਧਾਰ ਲਈ ਕਿ ਐਤਕੀ ਦੀ ਦੇਵੀ ਯਾਤ੍ਰਾ ਸਮੇਂ ਸ੍ਰੀ ਕਰਤਾਰਪੁਰ ਜਾਣਾ ਹੈ ਤੇ ਗੁਰ ਨਾਨਕ ਦੇ ਦਰਸ਼ਨ ਜ਼ਰੂਰ ਕਰਨੇ ਹਨ।

ਨਿਯਤ ਸਮੇਂ ਸੰਗ ਤਿਆਰ ਹੋਇਆ ਪਰ ਆਪ ਨੇ ਸੰਗੀਆਂ ਨਾਲ ਗਲ ਪਹਿਲੇ ਗਿਣ ਮਿਥ ਲਈ ਕਿ ਜਾਂਦੀ ਵੇਰ ਅਸਾਂ ਸ੍ਰੀ ਕਰਤਾਰਪੁਰ ਦੇ ਰਸਤੇ ਚਲਣਾ ਹੈ ਤੇ ਮੈਂ ਉਥੇ ਇਕ ਮਹਾਂਪੁਰਖ ਦੇ ਦਰਸ਼ਨ ਕਰਨੇ ਹਨ। ਭਲਾ ਮੁਖੀ ਦੀ ਸਲਾਹ ਨੂੰ ਕੌਣ ਮੋੜਦਾ। ਸੰਗ ਟੁਰਿਆ ਤੇ ਸ੍ਰੀ ਕਰਤਾਰਪੁਰ ਪਹੁੰਚਾ, ਨਗਰ ਤੋਂ ਬਾਹਰ ਸੰਗ ਨੂੰ ਠਹਿਰਾ ਕੇ ਆਪ ਘੋੜੀ ਤੇ ਸਵਾਰ ਹੋ ਕੇ ਨਗਰ ਵਲ ਚਲੇ ਗੁਰੂ ਨਾਨਕ ਦੇਵ ਦੇ ਦਰਸ਼ਨਾਂ ਲਈ।

ਓਧਰ ਜਾਣੀ ਜਾਣ ਸਤਿਗੁਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਣ ਲਿਆ ਕਿ ਮੇਰਾ ਲਹਿਣੇਦਾਰ ਆ ਰਿਹਾ ਹੈ। ਅਪਣੀ ਧਰਮਸਾਲ ਤੋਂ

## ਅੰਦਰ


- ਗੁਰੂ ਅੰਗਦ ਦੇਵ : ਜੀਵਨ ਤੇ ਸ਼ਖ਼ਸੀਅਤ 3
- ਸੰਤ ਬਿਮਲਾ ਸਿੰਘ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ 5
- Guru Angad and His Succession as Explained... 7
- ਮੇਰੀ ਖਿੜੀ ਰਹੇ ਗੁਲਜ਼ਾਰ : ਲਹਿਣੇ ਤੋਂ ਅੰਗਦ 9
- ਸੌ ਸਾਲ ਪਹਿਲਾਂ : ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ... 10
- ਸ਼ਬਦ ਵਿਆਖਿਆ 11
- ਰਿਪੋਰਟ : ਭਗਤਾਂ ਤੇ ਸ. ਸੁਖਦੇਵ ਸਿੰਘ ਸ਼ਾਂਤ ਦਾ ਲੈਕਚਰ 12

ਟੁਰੇ ਤੇ ਅਗਲਵਾਂਢੀ ਆ ਮਿਲੇ। ਸ੍ਰੀ ਲਹਿਣਾ ਜੀ ਨੇ ਆਪ ਤੋਂ ਗੁਰ ਨਾਨਕ ਦੇ ਘਰ ਦਾ ਪਤਾ ਪੁਛਿਆ ਤਾਂ ਆਪ ਨੇ ਕਿਹਾ 'ਪੁਰਖਾ ਮੇਰੇ ਮਗਰੇ ਮਗਰ ਟੁਰਿਆ ਆ।' ਧਰਮਸਾਲ ਪਹੁੰਚ ਕੇ ਆਪ ਸ੍ਰੀ ਲਹਿਣਾ ਜੀ ਨੂੰ ਧਰਮਸਾਲ ਦਾ ਦਰ ਦਸਕੇ ਅੰਦਰ ਚਲੇ ਗਏ, ਸਰਸ਼ਾਰ ਨੈਣੀ ਵਧੇ, ਗੱਦੀ ਤੇ ਬੈਠੇ ਵਜਕਤੀ ਅੱਗੇ ਹੱਥ ਜੋੜੇ, ਮੱਥਾ ਟੇਕਿਆ, ਆਤਮਾ ਨੂੰ ਠੰਢ ਪਈ, ਸਿਰ ਚੁਕਿਆ ਤਾਂ ਦਰਸ਼ਨ ਕਰਕੇ ਹੈਰਾਨ ਰਹਿ ਗਏ ਤੇ ਪਸਚਾਤਾਪ ਵਿਚ ਚਲੇ ਗਏ ਕਿ ਹਾਏ ਮੇਰੇ ਪਾਸੋਂ ਕਿੰਨੀ ਵਡੀ ਅਵਗਜਾ ਹੋਈ ਹੈ। ਏਹ ਤਾਂ ਓਹੀ ਪੂਜ ਵਜਕਤੀ ਹਨ ਜੋ ਮੈਨੂੰ ਰਾਹ ਦਸਦੇ ਆਏ ਹਨ ਤੇ ਮੈਂ ਇਨ੍ਹਾਂ ਦੇ ਪਿਛੇ ਘੋੜੀ ਤੇ ਸਵਾਰ ਚਲਾ ਆਇਆ ਹਾਂ। ਆਪ ਨੂੰ ਪਸਚਾਤਾਪ ਵਿਚ ਦੇਖਕੇ ਗੁਰੂ ਨਾਨਕ ਨੇ ਪਿਆਰ ਕੀਤਾ, ਦਿਲਾਸਾ ਦਿਤਾ ਤੇ ਪੁਛਿਆ: 'ਪੁਰਖਾ ਤੇਰਾ ਕੀ ਨਾਮ ਹੈ?' ਤਾਂ ਆਪ ਨੇ ਉੱਤਰ ਦਿਤਾ 'ਜੀ ਲਹਿਣਾ'।

ਕਵੀ ਸੰਤੋਖ ਸਿੰਘ ਜੀ **ਗੁਰ ਨਾਨਕ ਪ੍ਰਕਾਸ਼** ਵਿਚ ਲਿਖਦੇ ਹਨ ਕਿ ਇਹ ਉਤਰ ਸੁਣਕੇ: ਸ੍ਰੀ ਗੁਰ ਕਹਿਯੋ 'ਲਹਿਣੇ ਤੈਂ ਲਹਿਣਾ,
'ਸੁਨ ਪੁਰਖਾ! ਹਮ ਨੇ ਹੈ ਦੇਣਾ।

ਕੀ ਦੇਣਾ ਹੈ? ਅਮੁੱਲ ਪਦਾਰਥ, ਗ਼ੈਬੀ ਸ਼ਕਤੀ, ਅਰਸ਼ ਕੁਰਸ਼ ਦੀ ਪਾਤਸ਼ਾਹੀ, ਜੋ ਸ੍ਰੀ ਗੁਰ ਨਾਨਕ ਨੇ ਤਦੋਂ ਬਖਸ਼ੀ ਜਦੋਂ ਸ੍ਰੀ ਲਹਿਣਾ ਜੀ ਨੇ ਸਿੱਖੀ ਦਾ, ਸੇਵਾ ਦਾ ਆਦਰਸ਼ ਚੋਟੀ ਦਾ ਪ੍ਰਤੱਖ ਦਿਖਾ ਕੇ ਕਮਾਲ ਕਰ ਦਿਤਾ। ਗੁਰੂ ਚਰਨਾਂ ਵਿਚ ਹਾਜ਼ਰ ਹੁੰਦੇ ਜਗਤ ਨੇ ਵੇਖ ਲਿਆ ਕਿ ਗੁਰ ਨਾਨਕ ਦੀਆਂ ਅਨੇਕਾਂ ਪ੍ਰੀਖਿਆਵਾਂ ਵਿਚ ਆਪ ਹਰ ਪ੍ਰਕਾਰ ਮੋਹਰੀ ਸਫਲ ਹੋਏ ਤੇ ਗੁਰ ਨਾਨਕ ਦੀ ਮੂਰਤੀ ਸਦਾ ਆਪਦੇ ਨੈਣਾਂ ਵਿਚ ਵਸਦੀ ਰਹੀ। ਆਪ ਨੇ ਅਪਣੀ ਮਰਜ਼ੀ ਗੁਰੂ ਨਾਨਕ ਦੀ ਰਜ਼ਾ ਵਿਚ ਲੀਨ ਕਰ ਦਿਤੀ ਹੋਈ ਸੀ, ਤੇ ਆਪਨੂੰ ਹਰ ਪਾਸੇ ਗੁਰੂ ਨਾਨਕ ਪ੍ਰੀਤਮ ਦੀ ਰਜ਼ਾ ਹੀ ਵਰਤ ਰਹੀ ਦਿਸ ਰਹੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਅੱਸੂ ਵਦੀ ੧੦ ਸੰਮਤ ੧੫੯੬ ਨੂੰ ਜੋਤੀ ਜੋਤ ਸਮਾਏ ਹਨ ਪਰ ਇਸ ਦਿਵਸ ਤੋਂ ਲਗਪਗ ਚਾਰ ਮਹੀਨੇ ਪਹਿਲੇ ਉਹ ਸੁਭਾਗ ਦਿਨ ਆਇਆ ਜਿਸ ਦਿਨ ਸ਼ਾਹਾਂ ਦੇ ਸੁਲਤਾਨੇ ਨੇ ਅਪਣੇ ਲਹਿਣੇ ਨੂੰ ਦੇਣਾ ਦੇ ਕੇ ਆਪਣੀ ਥਾਵੇਂ ਸ਼ਾਹ ਥਾਪ ਦਿਤਾ, ਜਿਸ ਪਰ ਸਤੇ ਬਲਵੰਡ ਰਬਾਬੀਆਂ ਨੇ ਇਹ ਪਉੜੀ ਕਹੀ:-

**ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥**
**ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੈ॥**
**ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥**
**ਸਹਿ ਟਿਕਾ ਦਿਤੋਸੁ ਜੀਵਦੈ॥੧॥** (੯੬੬)

ਤੇ ਗੁਰੂ ਨਾਨਕ ਦੇ ਸਚਖੰਡ ਚਲੇ ਜਾਣ ਪਿਛੋਂ ਲਗਪਗ 13 ਸਾਲ ਆਪ ਨੇ ਗੁਰ ਨਾਨਕ ਦੇ ਸ਼ਬਦ ਸੋਹਿਲੇ ਦਾ ਪੱਲੂ ਫੇਰਿਆ, ਰਬ ਵਲੋਂ ਭੁੱਲੀਆਂ ਤੇ ਟੁਟੀਆਂ ਆਤਮਾਂ ਦਾ ਨਿਰੰਕਾਰ ਦੇ ਨਾਲ ਮੇਲ ਕਰਾਇਆ, ਬਾਣੀ ਰਚੀ, ਖਡੂਰ ਵਸਾਇਆ, ਗੋਇੰਦਵਾਲ ਦੀ ਵਿਉਂਤ ਕੀਤੀ ਤੇ ਗੁਰੂ ਨਾਨਕ ਦੀ ਤੋਰੀ ਗੁਰਸਿਖੀ ਦੀ ਸੁਹਣੀ ਪ੍ਰਤਿਪਾਲਾ ਕੀਤੀ। ਇਹ ਹੈ ਸੰਖੇਪ ਮਾਤ੍ਰ ਗੁਰ ਨਾਨਕ ਦੇ ਦੂਜੇ ਸਰੂਪ ਦੇ ਦਰਸ਼ਨ:-

**ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥**
**ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ॥**
**....ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥** (੯੬੭)

**–ਖਾਲਸਾ ਸਮਾਚਾਰ, 11 ਮਈ, 1972**

## ਅੱਜ ਚੰਦ੍ਰਮਾ ਕੀ ਆਖਦਾ ਹੈ?

ਚਮਕੂੰ ਸਾਰੀ ਮੈਂ ਰਾਤ, ਝਲਕਾਂ ਦਿਊਂ ਚਾਨਣੇ ਵਾਲੀਆਂ,
ਪਾ ਨ ਸੱਕੇਗਾ ਝਾਤ, ਹਨੇਰਾ ਕਿਸੇ ਪਾਸਿਓਂ ਅੱਜ ਨੂੰ।

ਸੱਚੇ ਚਾਨਣ ਦੀ ਦਾਤ, ਪਜਾਰੀ ਹੈ ਅਜ ਜੋਤ ਨੇ ਪ੍ਰਗਟਣਾਂ,
ਧਾਤੂ ਮਿਲਦੀ ਹੈ ਧਾਤ, ਚਾਨਣ ਤਿਵੇਂ ਚਾਨਣਾਂ ਆਦਰੇ,

ਮੇਰਾ ਚਾਨਣ ਚਹਿ ਮਾਤ ਉਸ ਆਤਮਕ ਚਾਨਣੇ ਸਾਮ੍ਹਣੇ,
ਐਪਰ ਏਹੋ ਸੁਗਾਤ ਨਿਮਾਣੇ ਨੇ ਹੈ, ਅਰਪਣੀ ਜੋਤ ਨੂੰ

ਜਿੱਕੂੰ ਮੇਟਣ ਨੂੰ ਰਾਤ-ਹਿਰਦੇ-ਹਨੇਰੇ ਨੂੰ ਓ ਆਂਵਦਾ,
ਤਿੱਕੂੰ ਛੱਡਾਂ ਨਾ ਜਾਤ, ਕਿਧਰੇ ਹਨੇਰੇ ਦੀ ਅੱਜ ਰਾਤ ਮੈਂ,

ਸੁੰਝੋਂ ਲੈ ਕੇ ਪ੍ਰਭਾਤ ਤੱਕ ਚਾਨਣੀ ਰੈਨ ਨੂੰ ਰੱਖਸਾਂ,
ਸੋਚੋ ਸੋਚੋ ਏ ਬਾਤ, ਗੁਰਪੁਰਬ ਦੀ ਰੈਣ ਜਣੋਂ ਚਾਨਣੀ,

ਮੇਟੋ ਹਿਰਦਿਓਂ ਤਾਤ, ਹਿਰਦੇ ਖਿੜੇ ਪ੍ਰੇਮ ਦਾ ਚਾਨਣਾ,
ਲੱਖਾਂ ਸੂਰਜ ਚੰਦਾਤ ਦੇ ਨਾ ਸਕਣ ਪ੍ਰੇਮ ਦੀ ਚਾਨਣੀ,
ਏ ਤਾਂ ਸਤਿਗੁਰ ਦੀ ਦਾਤ ਪੈਰੀਂ ਪਵੋ ਅੱਜ ਹੀ ਮੰਗ ਲੋ।

## ਗੁਰੂ ਦਰਸ਼ਨ ਦੀ ਸਿੱਕ

ਲਗੀ ਹੈ ਪਜਾਸ ਦਰਸ਼ਨ ਦੀ ਕਿਵੇਂ ਬੀ ਆ ਅਘਾਵੇ ਹੈ,
ਗੁਰੂ ਨਾਨਕ ਬਿਨਾ ਦੇਖੇ ਨਹੀਂ ਦਿਲ ਚੈਨ ਪਾਵੇ ਹੈ।

ਫਿਰੀ ਮੈਂ ਦੇਸ਼ ਸਾਰੇ ਹਾਂ ਤੇ ਕੀਤੀ ਢੂੰਡ ਸਭ ਥਾਂ ਤੇ,
ਗੁਰੂ ਦਾ ਰੂਪ ਕਿਧਰੇ ਬੀ ਦਰਸ ਨਾਹੀਂ ਦਿਖਾਵੇ ਹੈ।

ਏ ਮੰਡਲ ਸੋਚ ਫ਼ਿਕਰਾਂ ਦਾ ਮੈਂ ਸਾਰਾ ਆਪ ਗਾਹਜਾ ਹੈ,
ਏ ਪਰਦਾ ਹੋ ਖੜੋਵੇ ਹੈ, ਭੁਲਾਂਦਾ ਰਾਹ ਜਾਵੇ ਹੈ,

ਜਾਂ ਇਸਤੋਂ ਮੋੜ ਮੂੰਹ ਲੀਤਾ ਦਿਤਾ ਦਿਲ ਪ੍ਰੇਮ ਨੂੰ ਸਾਰਾ
ਤਾਂ ਇਸਨੇ ਸੋਚ ਮਾਰੀ ਚਾ, ਪਿਆ ਇਕ ਖਿੱਚ ਖਿਚਾਵੇ ਹੈ।

ਖਿਚੀਂਦਾ ਦਿਲ ਇਕੱਠਾ ਹੋ ਗੁਰੂ ਲਲਨਾ ਦੇ ਵਿਚ ਲੱਗਾ,
ਇਕੱਠਾ ਹੋਇ ਦੇਖੇ ਕੀ, ਗੁਰੂ ਇਸ ਥਾਂ ਵਸਾਵੇ ਹੈ!

ਨ ਲੁਕਿਆ ਹੈ ਗੁਰੂ ਪਜਾਰਾ, ਹੈ ਗਾਇਬ ਚਾਨਣ ਤ੍ਰਿੱਖੇ,
ਨਜ਼ਰ ਦਿਲ ਦੀ ਜੇ ਕਾਇਮ ਹੋ, ਮੁਹੱਬਤ ਰੰਗ ਲਾਵੇ ਹੈ,

ਤਦੋਂ ਸਤਿਗੁਰ ਪਿਆ ਦਿੱਸੇ,-ਅਸਾਨੂੰ ਪ੍ਰੇਮ ਕਰਦਾ ਹੈ-
ਰਿਦਾ ਵਿਚ ਪ੍ਰੇਮ ਦੇ ਮੱਤਾ, ਗੁਰੂ ਹਰ ਥਾਂ ਦਿਸਾਵੇ ਹੈ।

**–ਕੰਬਦੀ ਕਲਾਈ, ਭਾਗ–1**

✧ ✧ ✧ ✧ ✧

# ਗੁਰੂ ਅੰਗਦ ਦੇਵ : ਜੀਵਨ ਤੇ ਸ਼ਖ਼ਸੀਅਤ

❖ ਪ੍ਰਿੰ. ਸੁਲੱਖਣ ਸਿੰਘ ਮੀਤ

ਸ੍ਰੀ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਿੱਖ ਧਰਮ ਦੇ ਦੂਸਰੇ ਗੁਰੂ ਸਾਹਿਬਾਨ ਸਨ, ਜਿਨ੍ਹਾਂ ਦਾ ਪਹਿਲਾ ਨਾਂ ਭਾਈ ਲਹਿਣਾ ਸੀ, ਆਪ ਦਾ ਜਨਮ ਦਿਨ ਸੋਮਵਾਰ, ਵੈਸਾਖ ਸੁਦੀ 1 (31 ਮਾਰਚ, 1504 ਈ.) ਨੂੰ ਖੱਤਰੀ ਘਰਾਣੇ ਵਿਚ ਮੱਤੇ ਦੀ ਸਰਾਂ (ਸਰਾਏ ਨਾਂਗਾ), ਜ਼ਿਲ੍ਹਾ ਫ਼ਿਰੋਜ਼ਪੁਰ (ਅੱਜ ਕੱਲ੍ਹ ਮੁਕਤਸਰ) ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਬਾਬਾ ਫੇਰੂ ਮੱਲ ਸੀ, ਜੋ ਗੋਤ ਦੇ ਤ੍ਰੇਹਣ ਸਨ। ਭਾਵੇਂ ਆਪਦੇ ਬਾਬਾ ਜੀ ਖ਼ੁਦ ਵਪਾਰ ਕਰਦੇ ਸਨ, ਪਰ ਫਿਰ ਵੀ ਉਸ ਇਲਾਕੇ ਦੇ ਚੌਧਰੀ, ਤਖ਼ਤ ਮੱਲ ਨੇ ਉਨ੍ਹਾਂ ਨੂੰ ਆਪਣੀ ਜ਼ਮੀਨ ਦੇ ਮਾਮਲੇ ਦਾ ਲੇਖਾ-ਜੋਖਾ ਕਰਨ ਲਈ ਖਜ਼ਾਨਚੀ ਦੇ ਤੌਰ 'ਤੇ ਨਿਯੁਕਤ ਕੀਤਾ ਹੋਇਆ ਸੀ। ਭਾਈ ਲਹਿਣਾ ਜੀ ਦੇ ਮਾਤਾ ਜੀ, ਜਿਨ੍ਹਾਂ ਦਾ ਨਾਂ ਬੀਬੀ ਦਇਆ ਕੌਰ ਸੀ, ਇਕ ਘਰੇਲੂ ਔਰਤ ਸਨ। ਧਾਰਮਿਕ ਰੁਚੀਆਂ ਦੇ ਮਾਲਕ ਹੋਣ ਕਾਰਨ ਭਾਈ ਲਹਿਣਾ ਜੀ ਦੇ ਜਨਮ ਲੈਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਆਕਾਸ਼ਵਾਣੀ ਹੋ ਗਈ ਸੀ ਕਿ ਇਕ ਮਹਾਨ ਆਤਮਾ ਧਰਤੀ ਉੱਤੇ ਉਤਰਨ ਵਾਲੀ ਹੈ। ਭਾਈ ਲਹਿਣਾ ਜੀ ਨੇ ਮੁਸ਼ਕਿਲ ਨਾਲ ਅਜੇ ਆਪਣੀ ਮੁੱਢਲੀ ਸਿੱਖਿਆ ਹੀ ਪ੍ਰਾਪਤ ਕੀਤੀ ਸੀ ਕਿ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਵੀ ਆਪਣੇ ਨਾਲ ਹੀ ਵਪਾਰ ਦੇ ਧੰਦੇ ਵਿਚ ਲਾ ਲਿਆ। ਹੌਲੀ-ਹੌਲੀ ਉਹ ਵੀ ਉਸ ਧੰਦੇ ਵਿਚ ਮਾਹਿਰ ਹੋ ਗਏ। ਭਾਵੇਂ ਉਹ ਵਪਾਰੀ ਵਰਗ ਨਾਲ ਸੰਬੰਧ ਰੱਖਦੇ ਸਨ, ਪਰ ਉਹ ਆਪਣੀ ਈਮਾਨਦਾਰੀ ਅਤੇ ਦਿਆਨਤਦਾਰੀ ਕਾਰਨ ਆਪਣੇ ਪਿੰਡ ਵਿਚ ਪਿਆਰੇ ਅਤੇ ਸਤਿਕਾਰੇ ਜਾਂਦੇ ਸਨ।

ਸੰਮਤ 1576 (1519 ਈ.) ਵਿਚ ਭਾਈ ਲਹਿਣਾ ਜੀ ਦਾ ਵਿਆਹ ਸ੍ਰੀ ਦੇਵੀ ਚੰਦ ਖੱਤਰੀ, ਵਾਸੀ ਪਿੰਡ ਸੰਘਰ, ਨੇੜੇ ਖਡੂਰ ਦੀ ਸਪੁੱਤਰੀ ਬੀਬੀ ਖੀਵੀ ਨਾਲ ਹੋਇਆ। ਉਸ ਸਮੇਂ ਮੁਗ਼ਲ ਯੋਧਾ, ਬਾਬਰ, ਪੰਜਾਬ ਦੀ ਧਰਤੀ ਉੱਤੇ ਹਮਲੇ ਕਰਨ ਲੱਗ ਪਿਆ। ਇਕ ਦਿਨ ਪਿੰਡ ਮੱਤੇ ਦੀ ਸਰਾਂ ਵੀ ਮੁਗਲਾਂ ਦੇ ਹਮਲੇ ਦਾ ਸ਼ਿਕਾਰ ਹੋ ਗਿਆ। ਸਿੱਟੇ ਵਜੋਂ ਬਾਬਾ ਫੇਰੂ ਮੱਲ ਅਤੇ ਉਨ੍ਹਾਂ ਦੇ ਪਰਿਵਾਰਕ ਜੀਆਂ ਨੂੰ ਆਪਣਾ ਜੱਦੀ ਪਿੰਡ ਛੱਡ ਕੇ ਦਰਿਆ ਸਤਲੁਜ-ਬਿਆਸ ਦੇ ਸੰਗਮ ਦੇ ਨੇੜੇ ਪਿੰਡ ਹਰੀਕੇ ਵੱਸਣਾ ਪਿਆ। ਕੁਝ ਚਿਰ ਬਾਅਦ ਸ੍ਰੀ ਦੇਵੀ ਚੰਦ ਜੀ ਦੀ ਪ੍ਰੇਰਨਾ ਸਦਕਾ ਉਹ ਪਿੰਡ ਸੰਘਰ ਜਾ ਵੱਸੇ। ਉੱਥੇ ਹੀ ਬੀਬੀ ਖੀਵੀ ਜੀ ਨੇ ਸੰਮਤ ੧੫੮੧ (1524 ਈ.) ਵਿਚ ਆਪਣੇ ਵੱਡੇ ਪੁੱਤਰ ਦਾਸੂ ਜੀ ਨੂੰ ਜਨਮ ਦਿੱਤਾ। ਉਨ੍ਹਾਂ ਦੇ ਛੋਟੇ ਪੁੱਤਰ ਦਾਤੂ ਜੀ ਦਾ ਜਨਮ ਸੰਮਤ ੧੫੮੪ (1527 ਈ.) ਵਿਚ ਹੋਇਆ। ਪਰ ਬਾਬਾ ਫੇਰੂ ਮੱਲ ਜੀ ਸੰਮਤ ੧੫੮੩ (1526 ਈ.) ਵਿਚ ਅਕਾਲ ਚਲਾਣਾ ਕਰ ਗਏ। ਬੀਬੀ ਖੀਵੀ ਜੀ ਨੇ ਦੋ ਧੀਆਂ— ਬੀਬੀ ਅਮਰੋ ਅਤੇ ਬੀਬੀ ਅਨੋਖੀ ਨੂੰ ਜਨਮ ਦਿੱਤਾ। ਸਮਾਜਕ ਅਤੇ ਪਰਿਵਾਰਕ ਮਾਹੌਲ ਦੇ ਪ੍ਰਭਾਵ ਅਧੀਨ ਆਰੰਭ ਵਿਚ ਭਾਈ ਲਹਿਣਾ ਜੀ ਦੇਵੀ-ਭਗਤ ਸਨ। ਆਪ ਨਵਰਾਤਰਿਆਂ ਦੇ ਦਿਨਾਂ ਵਿਚ ਆਪਣੇ ਪਿੰਡ ਦੇ ਦੇਵੀ-ਭਗਤਾਂ ਨੂੰ ਆਪਣੇ ਨਾਲ ਲੈ ਕੇ ਹਰ ਸਾਲ ਜਵਾਲਾ ਜੀ ਦੇ ਮੰਦਿਰ ਜਾਂਦੇ ਹੁੰਦੇ ਸਨ। ਇਕ ਵੱਡੀ ਸਵੇਰ ਰਾਤ ਦੇ ਜਗਰਾਤੇ ਤੋਂ ਵਿਹਲਿਆਂ ਹੋ ਕੇ ਜਦੋਂ ਆਪਣੇ-ਆਪਣੇ ਘਰ ਨੂੰ ਜਾ ਰਹੇ ਸਨ, ਤਾਂ ਉਨ੍ਹਾਂ ਨੇ ਸੁਣਿਆਂ ਕਿ ਉਨ੍ਹਾਂ ਦੇ ਹੀ ਪਿੰਡ ਦਾ ਭਾਈ ਜੋਧ, ਜਿਹੜਾ ਕਿ ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ, ਹਰ ਰੋਜ਼ ਵਾਂਗ ਤੜਕਸਾਰ ਇਸ਼ਨਾਨ ਕਰਕੇ, ਟੋਭੇ ਦੇ ਕੰਢੇ ਰਾਗ ਵਿਚ ਆਸਾ ਦੀ ਵਾਰ ਪੜ੍ਹ ਰਹੇ ਸਨ। ਭਾਈ ਜੋਧ ਦੀ ਸੁਰੀਲੀ ਆਵਾਜ਼ ਅਤੇ ਗੁਰਬਾਣੀ ਕੰਨੀ ਪੈਂਦਿਆਂ ਹੀ ਭਾਈ ਲਹਿਣਾ ਜੀ ਦੇ ਅੰਦਰ ਇਕ ਧ੍ਰੂ ਜਿਹੀ ਪਈ। ਉਹ ਚੁੱਪਚਾਪ ਭਾਈ ਜੋਧ ਦੇ ਗੋਡੇ ਮੁੱਢ ਜਾ ਬੈਠੇ ਅਤੇ ਪਾਠ ਸੁਣਦੇ ਰਹੇ। ਉਨ੍ਹਾਂ ਨੂੰ ਉਸ ਬਾਣੀ ਵਿੱਚੋਂ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਵਾਲੀ ਤਾਰ ਲੱਭ ਰਹੀ ਸੀ। ਉਹ ਇਹ ਵੀ ਮਹਿਸੂਸ ਕਰ ਰਹੇ ਸਨ, ਜਿਵੇਂ ਇਹ ਬਾਣੀ ਉਨ੍ਹਾਂ ਲਈ ਹੀ ਲਿਖੀ ਗਈ ਹੋਵੇ। ਬਾਣੀ ਦਾ ਭੋਗ ਪੈ ਜਾਣ ਤੇ ਭਾਈ ਜੋਧ ਨੇ ਅੱਖਾਂ ਖੋਲ੍ਹ ਕੇ ਭਾਈ ਲਹਿਣਾ ਜੀ ਵੱਲ ਵੇਖਿਆ ਸੀ। ਭਾਈ ਲਹਿਣਾ ਜੀ ਨੇ ਵੇਗ ਵਿਚ ਆ ਕੇ ਕਿਹਾ— ਪਿਆਰੇ ਭਾਈ ਜੋਧ ਜੀ; ਮੈਨੂੰ ਸੱਚ ਦੱਸੋ ਕਿ ਤੁਸੀਂ ਇਹ ਮਹਾਨ ਬਾਣੀ ਕਿਸ ਮਹਾਂਪੁਰਖ ਤੋਂ ਪ੍ਰਾਪਤ ਕੀਤੀ ਹੈ। ਭਾਈ ਜੋਧ ਜੀ ਨੇ ਉਨ੍ਹਾਂ ਨੂੰ ਬੜੀ ਹੀ ਨਿਮਰਤਾ ਨਾਲ ਦੱਸਿਆ ਕਿ ਇਹ ਬਾਣੀ ਉਸ ਨੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਬੈਠ ਕੇ ਉਨ੍ਹਾਂ ਤੋਂ ਸਿੱਖੀ ਹੈ। ਉਹ ਜਗਤ ਜਲੰਦੇ ਨੂੰ ਤਾਰਨ ਲਈ ਇਸ ਧਰਤੀ ਉੱਤੇ ਆਏ ਹੋਏ ਹਨ। ਗੁਰੂ ਨਾਨਕ ਮੇਰਾ ਰਖਵਾਲਾ ਹੈ। ਆਪਣਾ ਸਭਨਾਂ ਦਾ ਰਖਵਾਲਾ ਹੈ।

ਗੁਰੂ ਨਾਨਕ ਦੇਵ ਜੀ ਦੇ ਨਾਂ ਨੇ ਜਿਵੇਂ ਭਾਈ ਲਹਿਣਾ ਜੀ ਦੇ ਸਰੀਰ ਵਿਚ ਝੁਣਝੁਣੀ ਜਿਹੀ ਛੇੜ ਦਿੱਤੀ ਹੋਵੇ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਮੈਂ ਹੁਣ ਤਕ ਦਾ ਸਮਾਂ ਮੁਫ਼ਤ ਵਿਚ ਹੀ ਬਰਬਾਦ ਕਰ ਦਿੱਤਾ ਹੈ। ਭਾਈ ਜੋਧ ਜੀ ਉਨ੍ਹਾਂ ਦੀ ਗੱਲ ਸੁਣ ਕੇ ਭਾਵੁਕ ਨਹੀਂ ਸੀ ਹੋਏ। ਉਨ੍ਹਾਂ ਨੂੰ ਭਾਈ ਲਹਿਣਾ ਜੀ ਨੂੰ ਬੜੇ ਹੀ ਠਰ੍ਹੰਮੇ ਨਾਲ ਸਮਝਾਇਆ— ਤੁਸੀਂ ਹਰ ਸਾਲ ਪਿੰਡ ਕਰਤਾਰਪੁਰ ਕੋਲੋਂ ਦੀ ਲੰਘ ਕੇ ਜਵਾਲਾ ਜੀ ਦੇ ਦਰਸ਼ਨਾਂ ਨੂੰ ਜਾਂਦੇ ਹੋ। ਉਹ ਕਰਤਾਰਪੁਰ ਨਗਰ ਹੀ ਤਾਂ ਹੈ, ਜਿੱਥੇ ਆਪਣੇ ਭਾਗਾਂ ਵਾਲੇ ਚੇਲਿਆਂ ਨਾਲ ਮੇਰੇ ਗੁਰੂ ਜੀ ਰਹਿੰਦੇ ਹਨ। ਤੁਸੀਂ ਇਸ ਵਾਰ ਜਵਾਲਾ ਜੀ ਦੇ ਦਰਸ਼ਨਾਂ ਨੂੰ ਜਾਂਦੇ ਵੇਲੇ ਗੁਰੂ ਜੀ ਨੂੰ ਮਿਲ ਲੈਣਾ। ਭਾਈ ਲਹਿਣਾ ਜੀ ਭਾਈ ਜੋਧ ਜੀ ਦੀ ਦਲੀਲ ਸੁਣ ਕੇ ਬਾਗੋਬਾਗ ਹੋ ਗਏ। ਭਾਈ ਜੋਧ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੇ ਆਪਣੇ ਘਰ ਦਾ ਰਾਹ ਫੜਿਆ ਅਤੇ ਛੇਤੀ ਹੀ ਜਵਾਲਾ ਜੀ ਦਾ ਪ੍ਰੋਗਰਾਮ ਬਣਾ ਲਿਆ।

ਸਫ਼ਰ ਦੀ ਤਿਆਰੀ ਕਰ ਕੇ ਸੰਮਤ ੧੫੮੯ (1532 ਈ.) ਨੂੰ ਭਾਈ ਲਹਿਣਾ ਜੀ ਅਤੇ ਉਸ ਦੇ ਦੇਵੀ-ਭਗਤ ਸਾਥੀ ਕਰਤਾਰਪੁਰ ਰਾਹੀਂ ਜਵਾਲਾ ਜੀ ਵਾਸਤੇ ਚਲ ਪਏ। ਤੁਰਦੇ-ਤੁਰਦੇ ਇਕ ਸ਼ਾਮ ਨੂੰ ਉਨ੍ਹਾਂ ਨੇ ਕਰਤਾਰਪੁਰ ਨੇੜੇ ਜਾ ਡੇਰੇ ਲਾਏ। ਅਗਲੀ ਸਵੇਰ ਭਾਈ ਲਹਿਣਾ ਜੀ ਆਪਣੇ ਸਾਥੀਆਂ ਤੋਂ ਵਿਦਾ ਹੋ ਕੇ, ਆਪਣੀ ਘੋੜੀ ਉੱਤੇ ਸਵਾਰ ਹੋ ਕੇ, ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਵੱਲ ਚਲ ਪਏ। ਪਿੰਡੋਂ ਬਾਹਰ ਹੀ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਮਿਲ ਗਏ, ਜਿਨ੍ਹਾਂ ਨੂੰ ਉਹ ਪਹਿਚਾਣ ਨਾ ਸਕੇ। ਭਾਈ ਲਹਿਣਾ ਜੀ ਨੇ ਗੁਰੂ ਜੀ ਤੋਂ ਹੀ ਉਨ੍ਹਾਂ ਦੇ ਡੇਰੇ ਦਾ ਅਤਾ-ਪਤਾ ਪੁੱਛਿਆ। ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਆਪਣੇ ਮਗਰ-ਮਗਰ ਤੋਰ ਲਿਆ। ਉਨ੍ਹਾਂ ਨੇ ਡੇਰੇ ਵਿਚ ਪਹੁੰਚ

ਕੇ ਭਾਈ ਲਹਿਣਾ ਨੂੰ ਆਪਣੀ ਘੋੜੀ ਬੰਨ੍ਹਣ ਵਾਸਤੇ ਕਿਹਾ ਅਤੇ ਡੇਰੇ ਅੰਦਰ ਜਾਣ ਦਾ ਰਸਤਾ ਵੀ ਦਿਖਾ ਦਿੱਤਾ। ਗੁਰੂ ਜੀ ਆਪ ਵੀ ਦੂਸਰੇ ਦਰਵਾਜ਼ੇ ਰਾਹੀਂ ਡੇਰੇ ਅੰਦਰ ਦਾਖ਼ਲ ਹੋ ਗਏ। ਉਨ੍ਹਾਂ ਨੇ ਗੁਰੂ ਜੀ ਨੂੰ ਮੱਥਾ ਟੇਕ ਕੇ ਜਦੋਂ ਦੇਖਿਆ ਤਾਂ ਉਹ ਗੁਰੂ ਨਾਨਕ ਦੇਵ ਜੀ ਹੀ ਤਾਂ ਸਨ, ਜਿਹੜੇ ਉਨ੍ਹਾਂ ਦੇ ਅੱਗੇ-ਅੱਗੇ ਪੈਦਲ ਹੀ ਇਥੋਂ ਤੀਕ ਪੁੱਜੇ ਸਨ। ਭਾਈ ਲਹਿਣਾ ਜੀ ਜਿੱਥੇ ਗੁਰੂ ਜੀ ਦੇ ਦਰਸ਼ਨ ਕਰ ਕੇ ਧੁਰ ਅੰਦਰ ਤੀਕ ਖੁਸ਼ ਹੋ ਗਏ, ਉੱਥੇ ਉਹ ਗੁਰੂ ਜੀ ਨੂੰ ਰਾਹ ਵਿਚ ਨਾ ਪਹਿਚਾਨਣ ਤੇ ਸ਼ਰਮਿੰਦਾ ਵੀ ਹੋ ਰਹੇ ਸਨ। ਅਚਾਨਕ ਉਨ੍ਹਾਂ ਨੇ ਆਪਣੀ ਪਿੱਠ ਉੱਤੇ ਕਿਸੇ ਪਿਆਰ ਭਰੀ ਹੱਥ-ਛੁਹ ਨੂੰ ਅਨੁਭਵ ਕੀਤਾ, ਜਿਸ ਨਾਲ ਉਨ੍ਹਾਂ ਦਾ ਤਨ ਮਨ ਠਰ ਗਿਆ ਸੀ। ਉਹ ਮਹਾਨ ਅਤੇ ਅਭੁੱਲ ਛੁਹ ਗੁਰੂ ਨਾਨਕ ਦੇਵ ਜੀ ਦੇ ਮਿਹਰਬਾਨ ਹੱਥ ਦੀ ਹੀ ਸੀ। ਭਾਈ ਲਹਿਣਾ ਜੀ ਹੋਰ ਵੀ ਭਾਵੁਕ ਹੋ ਗਏ ਸਨ— ਗੁਰਦੇਵ, ਮੇਰੀ ਭੁੱਲ ਬਖ਼ਸ਼ੋ! ਮੈਥੋਂ ਤੁਹਾਡੀ ਬਹੁਤ ਵੱਡੀ ਬੇਅਦਬੀ ਹੋ ਗਈ ਹੈ। ਮੈਂ ਆਪਣੀ ਘੋੜੀ ਉੱਤੇ ਸਵਾਰ ਸਾਂ। ਤੁਸੀਂ ਮੇਰੇ ਅੱਗੇ-ਅੱਗੇ ਚੱਲ ਕੇ ਪੈਦਲ ਹੀ ਡੇਰੇ ਤੀਕ ਪੁੱਜੇ ਹੋ। ਇਹ ਕਹਿ ਕੇ ਭਾਈ ਲਹਿਣਾ ਜੀ ਗੁਰੂ ਜੀ ਦੇ ਚਰਨੀਂ ਲੱਗ ਗਏ। ਗੁਰੂ ਜੀ ਨੇ ਉਨ੍ਹਾਂ ਦੇ ਸਿਰ ਤੇ ਹੱਥ ਰੱਖਦਿਆਂ ਦਿਲਾਸਾ ਦਿੱਤਾ— ਉੱਠ ਭਾਈ। ਤੈਥੋਂ ਕੋਈ ਭੁੱਲ ਨਹੀਂ ਹੋਈ। ਤੂੰ ਸਾਡਾ ਪਰਾਹੁਣਾ ਸੀ। ਤੇਰਾ ਆਦਰ ਮਾਣ ਕਰਨਾ ਮੇਰਾ ਫ਼ਰਜ਼ ਬਣਦਾ ਸੀ। ਉਂਝ ਕੀ ਨਾਂ ਹੈ ਤੇਰਾ? ਤੂੰ ਕਿੱਥੋਂ ਆਇਐਂ? ਭਾਈ ਲਹਿਣਾ ਜੀ ਨੇ ਬੜੀ ਹੀ ਨਿਮਰਤਾ ਨਾਲ ਗੁਰੂ ਜੀ ਨੂੰ ਦੱਸਿਆ ਮੇਰਾ ਨਾਂ ਲਹਿਣਾ ਹੈ ਜੀ। ਮੈਂ ਸੰਘਰ ਤੋਂ ਆਇਆ ਹਾਂ ਜੀ।

ਭਾਈ ਲਹਿਣਾ ਜੀ ਦਾ ਉੱਤਰ ਸੁਣ ਕੇ ਗੁਰੂ ਜੀ ਨੇ ਹੱਸਦਿਆਂ ਕਿਹਾ— ਵਾਹ ਭਾਈ ਵਾਹ! ਜੇ ਕਰ ਤੂੰ ਲਹਿਣਾ ਹੈਂ, ਤਾਂ ਅਸੀਂ ਤੇਰਾ ਦੇਣਾ ਹੈ। ਚੰਗਾ ਹੋਇਆ ਤੂੰ ਆਪਣਾ ਲੈਣਾ ਆਪੇ ਹੀ ਲੈਣ ਆ ਗਿਐਂ। ਨਾਲੇ ਭਾਈ ਤੂੰ ਸਾਡੀ ਕੋਈ ਬੇਅਦਬੀ ਨਹੀਂ ਕੀਤੀ। ਲਹਿਣੇਦਾਰ ਸਦਾ ਹੀ ਆਪਣੇ ਦੇਣਦਾਰਾਂ ਦੇ ਘਰ ਘੋੜੀ ਤੇ ਚੜ੍ਹ ਕੇ ਹੀ ਆਇਆ ਜਾਇਆ ਕਰਦੇ ਨੇ। ਤੂੰ ਕੋਈ ਅਲੋਕਾਰ ਗੱਲ ਨਹੀਂ ਕੀਤੀ।

ਭਾਈ ਲਹਿਣਾ ਜੀ ਸਿਰ ਝੁਕਾਈ ਬੈਠੇ ਸਨ। ਉਨ੍ਹਾਂ ਦਾ ਮਨ ਠੰਢਾ ਸੀਤ ਹੋ ਗਿਆ ਸੀ। ਉਨ੍ਹਾਂ ਨੂੰ ਇਹ ਵੀ ਨਿਸ਼ਚਾ ਹੋ ਗਿਆ ਸੀ ਕਿ ਜੋ ਕੁਝ ਉਨ੍ਹਾਂ ਨੂੰ ਦਰ ਤੋਂ ਮਿਲ ਸਕਦਾ ਹੈ, ਉਹ ਹੋਰ ਕਿਤਿਉਂ ਨਹੀਂ ਮਿਲ ਸਕਦਾ। ਇਸ ’ਤੇ ਉਨ੍ਹਾਂ ਨੇ ਉੱਥੇ ਹੀ ਰਹਿਣ ਦਾ ਫ਼ੈਸਲਾ ਕਰ ਲਿਆ ਅਤੇ ਆਪਣਾ ਦੇਵੀ-ਭਗਤਾਂ ਵਾਲਾ ਭੇਸ ਵੀ ਬਦਲ ਲਿਆ।

ਪਰ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਸਮਝਾਇਆ “ਤੁਸੀਂ ਯਾਤਰਾ ਉੱਤੇ ਹੋ। ਤੁਸੀਂ ਜਵਾਲਾ ਜੀ ਜਾ ਕੇ ਜਵਾਲਾ ਜੀ ਦੇ ਦਰਸ਼ਨ ਕਰਨੇ ਲੋਚਦੇ ਸਓ। ਜਾਓ ਦਰਸ਼ਨ ਕਰ ਆਓ। ਤੁਸੀਂ ਮੁੜਦਿਆਂ ਇਥੇ ਆ ਜਾਣਾ।” ਭਾਈ ਲਹਿਣਾ ਜੀ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ— ਮੇਰੇ ਮਿਹਰਬਾਨ; ਤੁਸੀਂ ਮੇਰੇ ਵਰਗੇ ਨਾਚੀਜ਼ ਨੂੰ ਆਪਣੇ ਚਰਨਾਂ ਵਿਚ ਸਥਾਨ ਦਿੱਤਾ ਹੈ। ਤੁਸੀਂ ਮੇਰੇ ਪਥ-ਪਰਦਰਸ਼ਕ ਬਣੇ ਹੋ। ਹੁਣ ਮੈਂ ਤੁਹਾਨੂੰ ਛੱਡ ਕੇ ਕਿਤੇ ਨਹੀਂ ਜਾ ਸਕਦਾ। ਭਾਈ ਲਹਿਣਾ ਜੀ ਕਰਤਾਰਪੁਰ ਇਕ ਗਏ। ਉਹ ਗੁਰੂ ਜੀ ਦੀ ਸੇਵਾ ਕਰਦੇ, ਉਨ੍ਹਾਂ ਦੇ ਉਪਦੇਸ਼ ਸੁਣਦੇ, ਨਾਮ ਜਪਦੇ ਅਤੇ ਆਪਣਾ ਹਿਰਦਾ ਠਾਰਦੇ।

ਇਕ ਦਿਨ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਸਮਝਾਇਆ— ਭਾਈ ਲਹਿਣਾ ਜੀ, ਇਕ ਦਿਨ ਘਰ ਵੀ ਜਾ ਆਓ। ਘਰ ਵਿਚ ਬੰਦਿਆਂ ਦੇ ਕਰਨ ਵਾਲੇ ਕਈ ਕੰਮ ਹੁੰਦੇ ਹਨ, ਕਰ ਆਓ। ਮੈਂ ਤੁਹਾਡੀ ਉਡੀਕ ਕਰਾਂਗਾ। ਗੁਰੂ ਜੀ ਦਾ ਹੁਕਮ ਮੰਨ ਕੇ ਭਾਈ ਲਹਿਣਾ ਜੀ ਵਾਪਸ ਸੰਘਰ ਚਲੇ ਗਏ। ਉਨ੍ਹਾਂ ਨੇ ਜਿੱਥੇ ਜਵਾਲਾ ਜੀ ਨੂੰ ਛੱਡ ਦਿੱਤਾ, ਉੱਥੇ ਉਨ੍ਹਾਂ ਨੇ ਆਪਣਾ ਪਿੰਡ ਤੇ ਆਪਣਾ ਕਾਰੋਬਾਰ ਵੀ ਛੱਡ ਦਿੱਤਾ। ਛੇਤੀ ਹੀ ਇਕ ਦਿਨ ਉਹ ਗੁਰੂ-ਪ੍ਰੇਮ ਦੇ ਬੱਧੇ ਨਵੇਂ ਨਕੋਰ ਰੇਸ਼ਮੀ ਵਸਤਰ ਪਹਿਨ ਕੇ, ਗੁਰੂ ਜੀ ਦੇ ਲੰਗਰ ਲਈ ਸਵਾ ਮਣ ਲੂਣ ਸਿਰ ਉੱਤੇ ਚੁੱਕ ਕੇ ਕਰਤਾਰਪੁਰ ਪੁੱਜ ਗਏ। ਉਨ੍ਹਾਂ ਨੇ ਮਾਤਾ ਸੁਲੱਖਣੀ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ। ਮਾਤਾ ਜੀ ਦੇ ਦੱਸਣ ਅਨੁਸਾਰ ਗੁਰੂ ਜੀ ਖੇਤ ਗਏ ਹੋਏ ਸਨ। ਖੇਤ ਪੁੱਜ ਕੇ ਉਹ ਗੁਰੂ ਜੀ ਦੇ ਚਰਨੀਂ ਲੱਗੇ। ਉਹ ਵੀ ਗੁਰੂ ਜੀ ਅਤੇ ਬਾਕੀ ਸੰਗਤਾਂ ਨਾਲ ਝੋਨੇ ਵਿੱਚੋਂ ਨਦੀਨ ਕੱਢਣ ਲੱਗੇ। ਪਰ ਗੁਰੂ ਜੀ ਨੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਉਹ ਕੱਢੇ ਹੋਏ ਨਦੀਨ ਦੀ ਪੰਡ ਬੰਨ੍ਹ ਕੇ ਘਰ ਪੁੱਜਦੀ ਕਰ ਦੇਵੇ। ਭਾਈ ਲਹਿਣਾ ਜੀ ਨੇ ਖਿੜੇ ਮੱਥੇ ਗੁਰੂ ਜੀ ਦੇ ਹੁਕਮ ਦੀ ਪਾਲਣਾ ਕੀਤੀ। ਗੁਰੂ ਜੀ ਦੇ ਸ਼ਾਮੀਂ ਘਰ ਪਰਤਣ ਉੱਤੇ ਜਦੋਂ ਮਾਤਾ ਜੀ ਨੇ ਭਾਈ ਲਹਿਣਾ ਜੀ ਦੇ ਨਦੀਨ ਦੇ ਚਿੱਕੜ ਨਾਲ ਲਿਬੜ ਚੁੱਕੇ ਵਸਤਰਾਂ ਦੀ ਗੱਲ ਕੀਤੀ ਤਾਂ ਗੁਰੂ ਜੀ ਨੇ ਮਾਤਾ ਜੀ ਨੂੰ ਸਮਝਾਉਂਦਿਆਂ ਕਿਹਾ— “ਲਹਿਣਾ ਜੀ ਦੇ ਸਿਰ ਤੇ ਨਦੀਨ ਦੀ ਪੰਡ ਨਹੀਂ ਸੀ, ਉਹ ਤਾਂ ਦੀਨ ਦੁਨੀ ਦਾ ਛੱਤ ਸੀ। ਇਸ ਪੁਰਖ ਨੇ ਅਜੇ ਆਪਣੇ ਮੋਢਿਆਂ ਅਤੇ ਸਿਰ ’ਤੇ ਹੋਰ ਬੜਾ ਭਾਰ ਚੁੱਕਣਾ ਹੈ। ਉਹ ਛਿੱਟਾਂ ਚਿੱਕੜ ਦੀਆਂ ਲਹੀਂ ਕੇਸਰ ਦੇ ਛਿੱਟੇ ਹਨ.....।”

ਉਸੇ ਦਿਨ ਤੋਂ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੇ ਬਾਕੀ ਦੇ ਸੇਵਕਾਂ ਵਿਚੋਂ ਸਭ ਤੋਂ ਵੱਧ ਪਿਆਰੇ ਜਾਣੇ ਜਾਣ ਲੱਗੇ। ਇਹ ਦੇਖ ਕੇ ਗੁਰੂ ਜੀ ਦੇ ਸਿੱਖਾਂ ਵਿਚ ਭਾਈ ਲਹਿਣਾ ਜੀ ਪ੍ਰਤੀ ਈਰਖਾ ਪੈਦਾ ਹੋ ਗਈ ਸੀ। ਸਿੱਖ ਭਾਈ ਲਹਿਣਾ ਜੀ ਨਾਲ ਖਾਰ ਖਾਣ ਲੱਗ ਪਏ ਸਨ। ਪਰ ਗੁਰੂ ਜੀ ਭਾਈ ਲਹਿਣਾ ਜੀ ਦੀ ਯੋਗਤਾ ਨੂੰ ਜਾਣਦੇ ਸਨ। ਉਹ ਇਕ ਅਨੋਖੀ, ਨਵੀਂ ਅਤੇ ਵੱਖਰੀ ਕੌਮ ਦੀ ਉਸਾਰੀ ਕਰਨੀ ਚਾਹੁੰਦੇ ਸਨ। ਇਹ ਕਾਰਜ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਇਸ ਕਾਰਜ ਨੂੰ ਕਿਸੇ ਅਯੋਗ ਪੁਰਖ ਦੇ ਹੱਥਾਂ ਵਿਚ ਦੇਣ ਨਾਲ ਇਹ ਕਾਰਜ ਅਧਵਾਟੇ ਰਹਿ ਸਕਦਾ ਸੀ। ਇਸ ਲਈ ਗੁਰੂ ਜੀ ਨੇ ਆਪਣੇ ਜਾਨਸ਼ੀਨ ਦੀ ਚੋਣ ਬੜੀ ਹੀ ਸਿਆਣਪ ਨਾਲ ਕਰਨੀ ਸੀ। ਇਸ ਲਈ ਉਨ੍ਹਾਂ ਨੇ ਸਣੇ ਭਾਈ ਲਹਿਣਾ ਜੀ, ਸਾਹਿਬਜ਼ਾਦਿਆਂ ਅਤੇ ਸਿੱਖਾਂ ਦੀਆਂ ਕਈ ਪ੍ਰੀਖਿਆਵਾਂ ਲਈਆਂ।


ਇਕ ਦਿਨ ਗੁਰੂ ਨਾਨਕ ਦੇਵ ਜੀ ਸਿੱਖ ਸੰਗਤਾਂ ਸਮੇਤ ਆਪਣੀ ਧਰਮਸ਼ਾਲਾ ਵਿਚ ਬੈਠੇ ਸਨ। ਇਤਨੇ ਵਿਚ ਮਾਤਾ ਸੁਲੱਖਣੀ ਜੀ ਵੀ ਉਨ੍ਹਾਂ ਵਿਚ ਜਾ ਬੈਠੇ। ਉਨ੍ਹਾਂ ਨੇ ਦੇਖਿਆ ਕਿ ਭਾਈ ਲਹਿਣਾ ਜੀ ਗੁਰੂ ਜੀ ਦੇ ਚਰਨ ਦਬਾ ਰਹੇ ਸਨ, ਜੋ ਉਨ੍ਹਾਂ ਨੂੰ ਚੰਗਾ ਨਾ ਲੱਗਾ। ਇਸ ’ਤੇ ਉਨ੍ਹਾਂ ਨੇ ਚਿੰਤਾ ਭਰੀ ਸੁਰ ਵਿਚ ਗੁਰੂ ਜੀ ਨੂੰ ਬੇਨਤੀ ਕੀਤੀ, “ਮਹਾਰਾਜ ਆਪ ਜੀ ਆਪਣੇ ਪੁੱਤਰਾਂ ਦੇ ਹੁੰਦਿਆਂ ਹੋਇਆਂ ਇਕ ਸੇਵਕ ਨਾਲ ਇਤਨੀ ਨੇੜਤਾ ਰੱਖਦੇ ਹੋ, ਇਹ ਠੀਕ ਨਹੀਂ।”

ਮਾਤਾ ਸੁਲੱਖਣੀ ਜੀ ਦੇ ਵਚਨ ਸੁਣ ਕੇ ਗੁਰੂ ਜੀ ਚੁੱਪ ਰਹੇ। ਇਤਨੇ ਵਿਚ ਇਕ ਬਿੱਲੀ ਆਪਣੇ ਮੂੰਹ ਵਿਚ ਅੱਧਮੋਇਆ ਚੂਹਾ ਲੈ ਕੇ ਉੱਥੇ ਪੁੱਜ ਗਈ। ਕਿਸੇ ਸਿੱਖ ਦੇ ਛਛਕਾਰਨ ਉੱਤੇ ਉਹ ਬਿੱਲੀ ਚੂਹੇ ਨੂੰ ਉੱਥੇ ਹੀ ਛੱਡ ਕੇ ਨੱਸ ਗਈ। ਗੁਰੂ ਜੀ ਨੇ ਮਾਤਾ ਜੀ ਵੱਲ ਦੇਖਦਿਆਂ ਵਾਰੋ-ਵਾਰੀ ਆਪਣੇ ਪੁੱਤਰਾਂ ਨੂੰ ਹੁਕਮ ਕੀਤਾ ਕਿ ਉਹ ਉਸ ਚੂਹੇ ਨੂੰ ਚੁੱਕ ਕੇ ਬਾਹਰ ਸੁੱਟ ਆਉਣ, ਪਰ ਉਨ੍ਹਾਂ ਨੇ ਗੁਰੂ ਜੀ ਨੂੰ ਟਕੇ ਵਰਗਾ ਜਵਾਬ ਦੇ ਦਿੱਤਾ। ਅੰਤ ਨੂੰ ਗੁਰੂ ਜੀ ਨੇ ਉਹੀ ਹੁਕਮ ਭਾਈ ਲਹਿਣਾ

(ਬਾਕੀ ਪੰਨਾ 10, 11 ’ਤੇ)

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ




ਹਰਿਦੁਆਰ ਤੋਂ ਜੇ ਪੱਕੀ ਸੜਕੇ ਡੇਹਰਾਦੂਨ ਨੂੰ ਟੁਰ ਪਈਏ ਤਾਂ ਤ੍ਰੈ ਚਾਰ ਮੀਲ ਜਾ ਕੇ ਖੱਬੇ ਪਾਸੇ ਇਕ ਕੱਚਾ ਜਿਹਾ ਪਹਿਆ ਮਿਲਦਾ ਹੈ ਜੋ ਜੰਗਲ ਵਿਚ ਲੈ ਜਾਂਦਾ ਹੈ। ਇਹ ਹੈ ਰਸਤਾ ਉਸ ਜੰਗਲ ਦਾ ਜੋ ਏਥੋਂ ਟੁਰਕੇ ਜਮਨਾ ਤੱਕ ਚਲਾ ਗਿਆ ਹੈ ਤੇ ਏਹੋ ਮਹਿਕਮਾ ਜੰਗਲਾਤ ਦੀ ਸੜਕ ਹੈ ਜੋ ਜੰਗਲੋ ਜੰਗਲ ਧੁਰ ਪਾਉਂਟੇ ਸਾਹਿਬ ਦੇ ਦੂਸਰੇ ਪਾਸੇ ਤਕ ਪੁਚਾ ਦੇਂਦੀ ਹੈ। ਜਦ ਹਰਦੁਆਰੋਂ ਟੁਰ ਕੇ ਤ੍ਰੈ ਚਾਰ ਮੀਲ ਲੰਘ ਕੇ ਇਸ ਸੜਕੇ ਮੁੜ ਪਓ ਤਾਂ ਇਹ ਉਸ ਜੰਗਲ ਵਿਚ ਲੈ ਜਾਂਦੀ ਹੈ, ਜਿਸ ਨੂੰ 'ਮੋਤੀ ਚੂਰ' ਆਖਦੇ ਹਨ। ਜੰਗਲ ਸਾਰਾ ਰਮਣੀਕ ਹੈ, ਪਰ ਇਹ ਮੋਤੀ ਚੂਰ ਸਾਰੇ ਵਿਚੋਂ ਵਧੀਕ ਸੁਹਣਾ ਹੈ। ਇਸ ਸੜਕੇ ਪਿਆਂ ਥੋੜੀ ਵਾਟ ਤੇ ਜਾ ਕੇ ਜੰਗਲ ਵਾਲਿਆਂ ਦਾ ਡਾਕ ਬੰਗਲਾ ਹੈ, ਜਿਸ ਵਿਚ ਉਹ ਉਤਰਦੇ ਹਨ ਯਾ ਜੇ ਕੋਈ ਚਾਹੇ ਰਹਿਣਾ ਤਾਂ ਉਨ੍ਹਾਂ ਦੀ ਆਗਿਆ ਨਾਲ ਰਹਿ ਸਕਦਾ ਹੈ।

ਕਦੇ ਕੁ ਮਹਿਕਮੇ ਦੇ ਅਫਸਰ ਏਥੇ ਇਕ ਦੇਸੀ ਈਸਾਈ ਸਜਣ ਸਨ, ਜੋ ਰੋਮਨ ਕੈਥੋਲਕ ਮਤ ਦੇ ਅਨੁਯਾਈ ਸਨ, ਜਿਨ੍ਹਾਂ ਦੇ ਪ੍ਰਬੰਧ ਵਿਚ ਇਹ ਜੰਗਲ ਬੀ ਸੀ। ਦਿਲ ਦੇ ਭਲੇ, ਅਪਣੇ ਧਰਮ ਤੇ ਸ਼ਰਧਾਵਾਨ ਸਨ, ਪਰ ਨਾਲ ਹੀ ਇਹ ਖੂਬੀ ਬੀ ਰਖਦੇ ਸਨ ਕਿ ਹੋਰਨਾਂ ਮਤਾਂ ਨਾਲ ਖੁਣਸਦੇ ਨਹੀਂ ਸਨ। ਇਕ ਦਿਨ ਦੌਰਾ ਕਰਦੇ ਆਪ ਲਛਮਨ ਸਿਧ ਆ ਨਿਕਲੇ। ਇਥੇ ਉਹ ਇਕ ਗਲ ਦੇਖਕੇ ਹੈਰਾਨ ਹੋ ਗਏ ਕਿ ਇਕ ਸਿਖ ਸਾਧੂ ਇਕ ਮੁਸਲਮਾਨ ਫਕੀਰ ਨੂੰ ਦਵਾ ਦਰਮਲ ਦੇ ਰਿਹਾ ਤੇ ਖੁਰਾਕ ਆਦਿ ਪੁਚਾ ਰਿਹਾ ਸੀ। ਟਿਕਾਣਾ ਤਾਂ ਹਿੰਦੂ ਜੋਗੀਆਂ ਦਾ ਹੈ, ਪਰ ਕੋਈ ਰਮਤਾ ਫਕੀਰ ਨੇੜੇ ਕੁ ਆ ਟਿਕਿਆ ਸੀ ਤੇ ਅਚਾਨਕ ਬੀਮਾਰ ਹੋ ਗਿਆ ਸੀ। ਇਹ ਸਿਖ ਸਾਧੂ ਬੀ ਟਿਕਾਣੇ ਦੇ ਨੇੜੇ ਚਸ਼ਮੇ ਤੇ ਕੁਛ ਦਿਨਾਂ ਤੋਂ ਟਿਕ ਰਿਹਾ ਸੀ। ਜਦ ਇਸਨੇ ਫਕੀਰ ਦੁਖੀ ਡਿੱਠਾ ਤਾਂ ਉਸਦੀ ਦਾਰੀ ਕਰਨ ਲਗ ਪਿਆ। ਅਫਸਰ, ਜੋ ਦਿਲ ਦਾ ਨਰਮ ਤੇ ਧਰਮ ਅਵਲੰਬੀ ਸੀ, ਇਹ ਗੱਲ ਵੇਖ ਕੇ ਰਹਿ ਨਾ ਸਕਿਆ, ਪੁੱਛਣ ਲੱਗਾ-ਸੰਤ ਜੀ ! ਆਪ ਮੁਸਲਮਾਨ ਦੀ ਸੇਵਾ ਕਰ ਰਹੇ ਹੋ, ਆਪ ਹਿੰਦੂ ਨਹੀਂ ਹੋ ?

**ਸਾਧੂ- 'ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥'**

(ਭੈ: ਮ: ੫)

(ਸਾਧੂ ਮੁਸਕ੍ਰਾ ਕੇ) ਸਰੀਰ ਅੱਲਾ ਦਾ ਹੈ ਤੇ ਪ੍ਰਾਣ ਰਾਮ ਦੇ ਹਨ। ਜੀਉ ਪਿੰਡ ਰੱਬ ਜੀ ਦਾ ਹੈ, ਸੋ ਅਸੀਂ ਰੱਬ ਜੀ ਦੇ ਹਾਂ ਅਤੇ ਹਿੰਦੂ ਮੁਸਲਿਮ ਈਸਾਈ ਕਿਸੇ ਨਾਲ ਦੁਜੈਗੀ ਨਹੀਂ।

**ਅਫਸਰ-** ਆਪ ਦਾ ਈਮਾਨ ਕੀ ਹੈ ?

**ਸਾਧੂ- 'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।'** (ਜਪੁਜੀ)

**ਅਫਸਰ-** ਮੈਂ ਇਸਦਾ ਮਤਲਬ ਨਹੀਂ ਸਮਝਿਆ।

**ਸਾਧੂ-** ਇਹ ਸਾਡੇ ਪਿਰੰਬਰ ਦਾ ਫੁਰਮਾਨ ਹੈ, ਇਸ ਵਿਚ ਤ੍ਰੈ ਗੱਲਾਂ ਦੱਸੀਆਂ ਹਨ, ਪਹਿਲੀ ਇਹ ਕਿ ਇਕ ਦਾਤਾ ਹੈ, ਓਹ ਸਭਨਾਂ ਜੀਆਂ ਦਾ ਦਾਤਾ ਹੈ, ਕਿਸੇ ਇਕ ਖਾਸ ਜੀਵ, ਸੰਪ੍ਰਦਾ, ਮਤ, ਯਾ ਦੇਸ਼ ਦਾ ਨਹੀਂ ਪਰ ਸਾਰੇ ਜੀਵਾਂ ਦਾ ਹੈ। ਉਹ ਦਾਤਾ ਮੈਨੂੰ ਕਦੇ ਨਾ ਭੁੱਲੇ, ਇਹ ਦੂਸਰੀ ਗਲ ਹੈ। ਤੀਸਰੀ ਗਲ ਇਸ ਵਿਚੋਂ ਆਪੇ ਸਿਧ ਪਈ ਹੁੰਦੀ ਹੈ ਕਿ ਜੇ ਸਭਨਾ ਜੀਆਂ ਦਾ ਦਾਤਾ ਇਕੋ ਹੈ ਤੇ ਸਾਰੇ ਜੀਵਾਂ ਨੇ ਉਸਨੂੰ ਯਾਦ ਰੱਖਣਾ ਹੈ ਤਾਂ ਸਾਰੇ ਉਸੇ ਦੇ ਹੋਏ ਤੇ ਹੋ ਗਏ। ਸਾਰੇ ਉਸਦੇ ਹੋਣ ਕਰਕੇ ਤੇ ਉਸ ਨੂੰ ਯਾਦ ਰਖਣ ਕਰਕੇ ਆਪੋ ਵਿਚ ਮਿਤ੍ਰ ਯਾ ਸਜਨ ਯਾ ਵੀਰ ਭਰਾ ਹੋਏ। ਮਤਲਬ ਇਹ ਕਿ ਸਭਨਾਂ ਦਾ ਆਪੋ ਵਿਚ ਪਜਾਰ ਦਾ ਵਰਤਾਉ ਚਾਹੀਏ। ਫੇਰ ਵਿਚਾਰ ਇਉਂ ਚਲਦੀ ਹੈ ਕਿ ਉਹ ਜੋ ਦਾਤਾ ਹੈ ਸਭਨਾਂ ਦਾ ਤਾਂ ਸਾਨੂੰ ਆਪੋ ਵਿਚ ਬੀ ਇਕੋ ਦਰੋਂ ਮਿਲ ਰਹੀ ਦਾਤ, ਲੋੜ ਪਈ ਤੇ, ਪਰਸਪਰ ਵਰਤਣੀ ਚਾਹੀਏ। ਜੀਕੂੰ ਇਹ ਹੁਣ ਬੀਮਾਰ ਹੈ, ਪਰ ਮੈਂ ਇਸ ਵੇਲੇ ਤੰਦਰੁਸਤ ਹਾਂ। ਇਸ ਪਾਸ ਇਸ ਵੇਲੇ ਤੰਦਰੁਸਤੀ ਦੀ ਦਾਤ ਨਹੀਂ ਹੈ, ਤੇ ਜੋ ਇਸਨੂੰ ਦਾਤੇ ਦੇ ਘਰੋਂ ਮਿਲਨੀ ਹੈ; ਪਰ ਮੇਰੇ ਪਾਸ ਇਸ ਵੇਲੇ ਹੈ ਤੇ ਇਸ ਪਾਸ ਨਹੀਂ ਤਾਂ ਇਸ ਨਾਲ ਵੰਡ ਵਰਤਾਂ। ਫਿਰ ਇਹ ਵੰਡੀ ਜਾਣ ਵਾਲੀ ਸ਼ੈ ਨਹੀਂ। ਪਰ ਇਕ ਤਰ੍ਹਾਂ ਵੰਡੀ ਵੀ ਜਾਂਦੀ ਹੈ। ਉਹ ਇਉਂ ਹੈ ਕਿ ਇਸ ਨੂੰ ਦਵਾ ਦਾਰੂ ਪਥ ਪ੍ਰਹੇਜ਼ ਦਾ ਭੋਜਨ ਮੈਂ ਲਿਆ ਦਿਆਂ, ਜੋ ਕੰਮ ਕਿ ਮੈਂ ਤੰਦਰੁਸਤ ਹੋਣ ਕਰਕੇ ਸੁਖਾਲਿਆਂ ਕਰ ਸਕਦਾ ਹਾਂ। ਸੋ ਮੈਂ ਸਮਝਿਆ ਕਿ ਇਸ ਨਾਲ ਸਾਂਈਂ ਦੀ ਦਿੱਤੀ ਤੰਦਰੁਸਤੀ ਦੀ ਦਾਤ ਨੂੰ ਮੈਂ ਇਉਂ ਵੰਡ ਕੇ ਵਰਤ ਸਕਦਾ ਹਾਂ।

**ਅਫਸਰ-** ਪਰ ਇਹ ਮੁਸਲਮਾਨ, ਤੂੰ ਹਿੰਦੂ, ਤੁਸੀਂ ਛੂਤ ਨਹੀਂ ਮੰਨਦੇ ਹੋ ?

**ਸਾਧੂ-** ਮੈਂ ਗੁਰੂ ਨਾਨਕ ਦੇਵ ਦਾ ਸਿੱਖ ਹਾਂ ਤੇ ਸਾਧੂ ਹਾਂ। ਤੇ ਸਾਰੇ ਬੰਦੇ, ਮੈਂ ਆਪ ਨੂੰ ਦੱਸਿਆ ਹੈ, ਉਸ ਦਾਤੇ ਦੇ ਹਨ, ਤੇ ਮੇਰਾ ਧਰਮ ਪਜਾਰ ਹੈ ਨਫਰਤ ਨਹੀਂ ਹੈ। ਜਿਨ੍ਹਾਂ ਮਤਾਂ ਵਿਚ ਨਫਰਤ ਸਿਖਾਈ ਗਈ ਹੈ, ਓਹ ਮੈਂ ਮਨੁੱਖਾਂ ਦੀ ਭੁੱਲ ਸਮਝਦਾ ਹਾਂ, ਨਫਰਤ ਉਸ ਦਾਤੇ ਨੂੰ ਮਨਜ਼ੂਰ ਨਹੀਂ ਹੋ ਸਕਦੀ ਕਿਉਂਕਿ ਉਹ 'ਪ੍ਰਿਯ' ਸਰੂਪ ਹੈ, ਅਰਥਾਤ ਉਹ ਪ੍ਰੇਮ ਹੈ।

**ਅਫਸਰ-** ਤੁਸਾਂ ਆਪਣੇ ਮਤ ਦਾ ਨਾਂ 'ਸਿੱਖ' ਦੱਸਿਆ ਹੈ। ਇਸ ਮਤ ਦੀ ਕੀਹ ਲੋੜ ਸੀ ?

**ਸਾਧੂ-** ਮੇਰੇ ਮਤ ਦੀ ਇਸ ਕਰਕੇ ਲੋੜ ਸੀ ਕਿ ਹੋਰ ਮਤ ਵਿਤਕਰਾ ਸਿਖਾਲਦੇ ਹਨ ਤੇ ਦਾਅਵੇ ਬੰਨ੍ਹਕੇ ਟੁਰਦੇ ਹਨ, ਜਿਸ ਨਾਲ ਜਾਣੇ ਅਨਜਾਣੇ ਪਰਸਪਰ ਅਪ੍ਰੇਮ ਵਰਤੋਂ ਵਿਚ ਆ ਜਾਂਦਾ ਹੈ। ਮੇਰੇ ਦਾਤੇ ਨੇ ਚਾਹਿਆ ਕਿ ਤੋਰਾ ਉਹ ਤੁਰੇ ਜੋ ਪ੍ਰੇਮ ਸਿਖਾਵੇ ਤੇ ਪ੍ਰੇਮ ਦੇ ਰਸਤੇ ਹੀ ਪ੍ਰਭੂ ਨੂੰ ਮਿਲਾਵੇ। ਸੋ ਉਸਨੇ ਇਹ ਰਾਹ ਸਿਖਾਇਆ, ਸਿਖਾਲਣ ਕਰਕੇ ਤੇ ਧੁਰੋਂ ਸਿਖਜਾ ਦਾਤਾ ਹੋ ਕੇ ਆਉਣ ਕਰਕੇ ਉਹ ਗੁਰੂ ਹੈ ਤੇ ਅਸੀਂ ਸਿੱਖਣ ਕਰਕੇ ਸਿੱਖ ਹਾਂ। ਫੇਰ ਸਾਡਾ ਨਾਮ ਹੀ ਸਿੱਖ ਹੋ ਗਿਆ। ਇਉਂ ਸਾਡਾ ਮਤ ਯਾ ਮਜ਼ਹਬ ਵੱਖਰਾ ਬਣ ਗਿਆ, ਪਰ ਸਾਡੀ ਸਿਖ ਮਤ 'ਪ੍ਰੇਮ' ਹੈ-ਵਾਹਿਗੁਰੂ ਨਾਲ ਭਗਤੀ, ਜਗਤ ਨਾਲ ਪਿਆਰ। ਦੂਜੀ ਗੱਲ ਇਹ ਬੀ ਕਿ ਫਿਰ ਸਾਡਾ ਮਾਰਗ ਸੁਖ਼ੱਲਾ ਤੇ ਸਿਧਾ ਰਾਹ ਸਿਖਾਲਦਾ ਹੈ।

**ਅਫਸਰ–** ਕਿਸ ਤਰ੍ਹਾਂ ?

**ਸਾਧੂ–** ਪਰਮੇਸ਼ੁਰ ਦਾ ਰੂਪ 'ਪ੍ਰਿਯ' ਯਾ ਪ੍ਰੇਮ ਹੈ, ਸੋ ਅਸਾਂ ਪਰਮੇਸ਼ੁਰ ਨੂੰ ਪਜਾਰ ਕਰਨਾ ਹੈ, ਇਹੋ ਅੰਦਰਲਾ ਪ੍ਰੇਮ ਭਾਵ ਉਸਨੂੰ ਮਿਲਾਉਂਦਾ ਹੈ। ਇਹ ਹੁਣ ਤੁਸੀਂ ਸੋਚ ਲਓ ਕਿ ਜਿਸ ਨਾਲ ਪਜਾਰ ਹੁੰਦਾ ਹੈ ਉਹ ਕਦੇ ਭੁੱਲਦਾ ਨਹੀਂ, ਇਸ ਕਰਕੇ ਪਰਮੇਸ਼ਰ ਨੂੰ ਨਾ ਭੁੱਲਣਾ ਯਾ ਸਦਾ ਯਾਦ ਰਖਣਾ ਕਿ ਉਹ ਪਿਤਾ ਹੈ, ਉਹ ਦਾਤਾ ਹੈ, ਉਹ ਅੰਗ ਸੰਗ ਰਹਿੰਦਾ ਹੈ, ਸਾਨੂੰ ਪ੍ਰਤਿਪਾਲਦਾ ਹੈ, ਪਜਾਰ ਕਰਦਾ ਹੈ ਇਸ ਤਰ੍ਹਾਂ ਉਸਦੀ ਯਾਦ ਰਖਣੀ ਪਜਾਰ ਬਣ ਜਾਂਦੀ ਹੈ। ਸੋ ਇਸਦਾ ਤ੍ਰੀਕਾ ਇਹ ਹੈ ਕਿ ਕਰਤਾ ਪੁਰਖ ਤੇ ਦਾਤੇ ਦੀਆਂ ਸਿਫਤਾਂ ਵਿਚ ਸਲਾਹੁਤ ਕਰਨ ਵਾਲੇ ਬਣਨਾ। ਉਸਦੀ ਸਿਫਤ ਸਲਾਹ ਲਈ ਸਾਡੇ ਪਾਸ ਸਾਡੇ ਰਹਿਬਰ ਦੀ ਕਲਾਮ (ਬਾਣੀ) ਹੈ। ਉਹ ਬਾਣੀ ਸਾਨੂੰ ਸਾਂਈਂ ਦੇ ਗੁਣ ਸਿਖਾਲਦੀ ਹੈ, ਉਸਦੇ ਪ੍ਰੇਮ ਦੀ ਜਾਚ ਦੱਸਦੀ ਹੈ ਤੇ ਯਾਦ ਵਿਚ ਰਖਦੀ ਹੈ। ਅਸੀਂ ਉਸਦਾ ਨਾਮ ਲੈਂਦੇ ਲੈਂਦੇ ਉਸਦੀ ਯਾਦ ਵਿਚ ਆ ਜਾਂਦੇ ਹਾਂ। ਯਾਦ ਨਾਲ ਉਸਦੇ ਮਿਠੇ ਭੈ ਵਿਚ ਝੱਲਵੇਂ ਪਜਾਰ ਵਿਚ ਆ ਜਾਂਦੇ ਹਾਂ। ਇਹੋ ਬਾਣੀ ਤੇ ਇਹੋ ਪਜਾਰ ਭਰੀ ਯਾਦ ਸਾਨੂੰ ਸਾਂਈਂ ਨਾਲ ਮੇਲਦੀ ਹੈ, ਤੇ ਉਸਦੇ ਅਨੁਭਵ ਵਿਚ ਲੈ ਜਾਂਦੀ ਹੈ। ਸੋ ਜੀਓ ਜੀ! ਦੁਖ ਸੁਖ ਹਰ ਹਾਲ, ਉਸਦੇ ਪਜਾਰ ਵਿਚ ਉਸਦੀ ਯਾਦ ਵਿਚ ਜੀਉਣਾ, ਇਹ ਹੈ ਪ੍ਰੇਮ ਯਾ ਭਗਤੀ ਆਪਣੇ ਸਿਰਜਣਹਾਰ ਨਾਲ। ਫਿਰ ਸਾਡਾ ਵਾਹ ਦੁਨੀਆ ਵਿਚ ਆਪਣੇ ਵਰਗੇ ਮਨੁੱਖਾਂ ਨਾਲ ਪੈਂਦਾ ਹੈ, ਉਨ੍ਹਾਂ ਨਾਲ ਬੀ ਅਸਾਂ ਪਜਾਰ ਵਰਤਣਾ ਹੈ। ਉਸ ਲਈ ਸਾਨੂੰ 'ਸਰਬੱਤ ਦਾ ਭਲਾ' ਸਿਖਾਇਆ ਗਿਆ ਹੈ। ਜਿਸਦਾ ਵੇਰਵਾ ਇਹ ਹੈ : ਕਿਸੇ ਦਾ ਬੁਰਾ ਨਾ ਕਰਨਾ, ਇਹ ਹੈ ਪਹਿਲਾ ਕਦਮ ਸਰਬੱਤ ਦੇ ਭਲੇ ਦਾ। ਫੇਰ ਹੋ ਸਕੇ ਤਾਂ ਭਲਿਆਈ ਕਰਨੀ ਇਹ ਹੈ ਦੂਸਰਾ ਕਦਮ। ਫੇਰ ਨਿਸ਼ਕਾਮ ਭਲਿਆਈ ਕਰਨੀ ਅਰਥਾਤ ਭਲਿਆਈ ਦੀ ਖਾਤਰ ਭਲਿਆਈ ਕਰਨੀ ਤੀਸਰਾ ਕਦਮ ਹੈ। ਆਪੇ ਪਈ ਭਲਿਆਈ ਹੋਣੀ ਇਹ ਚੌਥਾ ਕਦਮ ਹੈ, ਸੋਂ ਅਸੀਂ ਦਾਤੇ ਨੂੰ ਭੁੱਲਦੇ ਨਹੀਂ ਤੇ ਜੀਵਾਂ ਨਾਲ ਸਰਬੱਤ ਦੇ ਭਲੇ ਵਿਚ ਵੱਸਦੇ ਹਾਂ।

**ਅਫਸਰ–** ਮੁਕਤੀ ਕੈਸੇ ਹੋਇਗੀ?

**ਸਾਧੂ–** ਮੁਕਤੀ ਆਪੇ ਤੋਂ ਵੱਖਰੀ ਢੂੰਡਣ ਗਿਆ ਮਿਲਦੀ ਨਹੀਂ। ਭਲੇ ਹੋ ਜਾਣਾ, ਭਲੇ ਵਿਚ ਰਹਿਣਾ, ਭਲਾ ਕਰਨਾ, ਫੇਰ ਮੋਹ ਮਾਯਾ ਤੋਂ ਅਸੰਗ ਹੋਕੇ ਕਰਤਾਰ ਨਾਲ ਜੁੜੇ ਰਹਿਣਾ, ਉਸਦੀ ਹੋਂਦ ਨੂੰ ਅੰਦਰ ਪ੍ਰਤੀਤ ਕਰਨਾ, ਯਾ ਇਉਂ ਕਹੋ ਕਿ ਉਸਦੇ ਸਾਥ ਰਹਿਣਾ, ਅੰਤਰ ਆਤਮੇ ਉਸਨੂੰ ਪ੍ਰਪੱਕ ਸਾਥੀ ਲਖਦੇ ਰਹਿਣਾ, ਯਾ ਇਉਂ ਆਖੋ ਕਿ ਉਸਦੀ ਸਦਾ ਹਾਜ਼ਰ ਹਜ਼ੂਰੀ ਵਿਚ ਆਪਣੀ ਹੋਂਦ ਨੂੰ ਪ੍ਰਤੀਤ ਕਰਦੇ ਰਹਿਣਾ, ਯਾ ਇਉਂ ਕਹੋ ਕਿ ਨਾਲ ਮਿਲੇ ਰਹਿਣਾ, ਇਹ ਜੋ ਹੈ ਆਪੇ ਨੂੰ ਸੁਆਰ ਲੈਣਾ, ਇਹੋ ਹੈ ਮੁਕਤੀ।

**ਅਫਸਰ** (ਅਚਰਜ ਹੋਕੇ)– ਮੈਂ ਇਸਾਈ ਹਾਂ, ਆਪ ਨੂੰ ਮੇਰੇ ਤੋਂ ਨਫਰਤ ਨਹੀਂ।

**ਸਾਧੂ–** ਨਫਰਤ ਇਕ ਨੁਕਤਾ ਹੈ, ਜੋ ਤੁਸੀਂ ਆਪਣੀ ਬੋਲੀ ਵਿਚ ਸਮਝ ਲਓ ਕਿ ਸ਼ੈਤਾਨ ਰੂਪੀ ਦਾਇਰੇ ਦਾ ਕੇਂਦਰ। ਪ੍ਰੇਮ ਇਕ ਨੁਕਤਾ ਹੈ, ਜੋ ਰੱਬ ਰੂਪੀ ਦਾਇਰੇ ਦਾ ਕੇਂਦਰ ਹੈ। ਜੇ ਮੈਂ ਆਪਣੀ ਪਰਿਭਾਸ਼ਾ ਵਿਚ ਬੋਲਾਂ ਤਾਂ ਨਫ਼ਰਤ ਹੈ ਆਸੁਰੀ ਸੰਪਦਾ ਦੀ ਵਸਤੂ ਤੇ ਪ੍ਰੇਮ ਹੈ ਦੈਵੀ ਸੰਪਦਾ ਦੀ ਵਸਤੂ। ਅਸੀਂ ਹਾਂ, ਦੈਵ (ਰੱਬ ਜੀ) ਦੇ ਪ੍ਰੇਮੀ, ਸਾਨੂੰ ਦੈਵੀ ਸੰਪਦਾ ਨਾਲ ਪਜਾਰ ਹੈ; ਆਸੁਰੀ ਸੰਪਦਾ ਨਾਲ ਨਹੀਂ। ਜੇ ਮੈਂ ਰਬ ਦੀ ਯਾਦ ਵਿਚ ਹਾਂ, ਜੇ ਉਸਦੀ ਹਜ਼ੂਰੀ ਵਿਚ ਵਸਦਾ ਹਾਂ, ਜੇ ਮੈਂ ਉਸਦੇ ਸਾਥ ਵਿਚ ਉਸਦੇ ਨਾਲ ਵਸਦਾ ਹਾਂ ਅਰਥਾਤ ਜੇ ਮੈਂ ਅੰਤਰ-ਆਤਮੇ ਰਬ ਜੀ ਨੂੰ ਸਾਥੀ ਲਖਦਾ ਰਹਿੰਦਾ ਹਾਂ, ਤਾਂ ਦੱਸੋ ਮੇਰੇ ਵਿਚ ਨਫਰਤ ਨੂੰ ਥਾਂ ਕਿਥੇ ਹੈ? ਕਿਉਂਕਿ ਜੋ ਮੇਰੇ ਅੰਦਰ ਮੇਰਾ ਸਾਥੀ ਹੈ ਉਹਦਾ ਰੂਪ ਤਾਂ ਪ੍ਰੇਮ ਹੈ।

**ਅਫਸਰ–** ਬਹੁਤ ਖੂਬ, ਆਪ ਤਾਂ ਐਸੇ ਹੋ ਜੈਸੇ ਸਾਡੇ ਵਿਚ ਬੜੇ ਬੜੇ ਤਪਸੱਵੀ, ਤਜਾਗੀ ਤੇ ਦੁਖ ਸਹਿਣ ਵਾਲੇ ਕੋਈ ਕੋਈ ਕਦੇ ਕਦੇ ਹੋਏ ਹਨ। ਕਿਆ ਨਾਮ ਹੈ ਆਪ ਦੇ ਪਿਗੰਬਰ ਦਾ?

**ਸਾਧੂ–** ਸ੍ਰੀ ਗੁਰੂ ਨਾਨਕ ਦੇਵ।

**ਅਫਸਰ–** ਅੱਛਾ, ਤਾਂ ਆਪ ਸੀਖ ਹੈਂ! ਹਾਂ, ਹਾਂ ਲਾਹੌਰ ਕੇ ਪਾਦਰੀ ਫੋਰਮੈਨ ਸਾਹਿਬ ਗੁਰੂ ਨਾਨਕ ਸਾਹਿਬ ਕੀ ਬਹੁਤ ਤਾਰੀਫ ਕੀਤਾ ਕਰਦੇ ਸਨ, ਠੀਕ ਠੀਕ ਵੁਹੀ ਹਾਂ।

ਇਸ ਤਰ੍ਹਾਂ ਦੀ ਗੱਲ-ਬਾਤ ਹੋਰ ਕੁਛ ਚਿਰ ਹੁੰਦੀ ਰਹੀ। ਅਫਸਰ ਨੇ ਉਸ ਮਰੀਜ਼ ਦੇ ਇਲਾਜ ਦਾ ਬੰਦੋਬਸਤ ਹਸਪਤਾਲ ਵਿਚ ਕਰਵਾ ਦਿਤਾ ਤੇ ਸੰਤ ਜੀ ਨੂੰ ਵਿਹਲੇ ਕਰ ਦਿਤਾ, ਇਹ ਕਹਿਕੇ ਕਿ ਆਪਣੀ ਸੇਵਾ ਨਾਲੋਂ ਹਸਪਤਾਲ ਵਿਚ ਸੇਵਾ ਵਧੇਰੇ ਗੁਣ ਦਾਇਕ ਤੇ ਇਲਾਜ ਵਧੇਰੇ ਠੀਕ ਹੋਵੇਗਾ, ਕਿਉਂਕਿ ਡਾਕਟਰ ਹਰ ਵੇਲੇ ਤਸ਼ਖ਼ੀਸ ਕਰਦਾ ਤੇ ਯੋਗ ਦਵਾ ਦੇਂਦਾ ਰਹੇਗਾ ਤੇ ਨਰਸਾਂ ਖਾਣ-ਪਾਣ, ਸੈਣ, ਹੋਰ ਸੇਵਾ ਦਾ ਦਰੁਸਤ ਪ੍ਰਬੰਧ ਕਰਦੀਆਂ ਰਹਿਣਗੀਆਂ।

ਸੰਤ ਜੀ ਕੁਛ ਦਿਨ ਓਥੇ ਟਿਕੇ ਰਹੇ ਤੇ ਫੇਰ ਕੁਛ ਦਿਨਾਂ ਬਾਦ ਬਨੋ ਬਨ ਪੈਦਲ ਹਰਿਦਵਾਰ ਨੂੰ ਟੁਰ ਪਏ। ਰਸਤੇ ਵਿਚ ਕਿਤੇ ਜੰਗਲ ਦੇ ਗਾਰਡਾਂ ਦੇ ਘਰੀਂ ਡੇਰਾ ਕਰ ਲੈਂਦੇ ਰਹੇ, ਕਿਉਂਕਿ ਇਸ ਬਨ ਵਿਚ ਹਰਨ ਆਦਿ ਜਾਨਵਰਾਂ ਤੋਂ ਛੁਟ ਗੁਲਦਾਰ (ਇਕ ਪ੍ਰਕਾਰ ਦੇ ਸ਼ੇਰ) ਬੀ ਵਸਦੇ ਹਨ ਤੇ ਰਾਤ ਨੂੰ ਖੁਲ੍ਹੇ ਵਿਚਰਦੇ ਹਨ। ਇਸ ਕਰਕੇ ਰਾਤ ਬਣ ਵਿਚ ਐਵੇਂ ਰਹਿ ਸਕਣਾ ਕਠਨ ਹੁੰਦਾ ਹੈ।

ਸੰਤਾਂ ਦੇ ਪਾਸ ਇਕ ਚਾਦਰਾ ਸੀ ਤੇ ਇਕ ਪਰਨਾ ਤੇ ਦੂਜਾ ਵਾਧੂ ਕਛਹਿਰਾ ਸੀ, ਪਾਣੀ ਲਈ ਚਿਪੀ ਤੇ ਰਾਤ ਓਢਨ ਲਈ ਇਕ ਹਲਕਾ ਲੋਆ ਤੇ ਬਸ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

✧ ✧ ✧ ✧ ✧

## ਦੇਹ ਅਪਣੀ ਸੁਹਬਤ

ਸੁਹਬਤ ਤੇਰੇ ਖਜਾਲਾਂ ਵਾਲੀ ਲੈ ਅਸਮਾਨੀਂ ਚੜ੍ਹਦੀ।
ਓਥੇ ਹੋਣ ਦਿਦਾਰ ਤੁਸਾਡੇ ਫਬਨ ਇਲਾਹੀ ਫੜਦੀ।

ਅਕਲਮੰਦਾਂ ਦੀ ਸੁਹਬਤ ਕਰਕੇ ਮੈਂ ਹੇਠਾਂ ਡਿਗ ਆਵਾਂ,
ਦੇਖਾਂ ਤੁਹਾਨੂੰ ਜ਼ਿਮੀਂ ਖੜੋਤਾ ਅਕਲ ਸਹਿੰਸਿਆਂ ਅੜਦੀ।੧।

ਖ਼ਜਾਲ ਅਪਣੇ ਦੀ ਸੁਹਬਤ ਸਾਨੂੰ ਦੇ ਖੰਭ ਖਜਾਲ ਨੂੰ ਲਾਵੀਂ,
ਖ਼ਜਾਲ ਕਿਸੇ ਦੀ ਸੁਹਬਤ ਦੇ ਕੇ ਉਡਦਾ ਕੋਈ ਮਿਲਾਵੀਂ

ਉਡਦੇ ਅਸੀਂ ਉਡਾਰੀਂ ਰਹੀਏ ਅਰਸ਼ੀਂ ਤੈਨੂੰ ਤੱਕੀਏ,
ਇਹ ਸਿਕ ਸਾਡੀ ਪੂਰ ਸੁਹਣਿਆਂ! ਦਾਨਿਓਂ ਦੂਰ ਰਹਾਵੀਂ।੨।

**–ਪਿਆਰ ਅੱਥਰੂ**

# Guru Angad and His Succession as Explained in Ramkali Ki Var

❖ **Jogeshwar Singh**

In the world of monotheistic religions, Sikhism enjoys highest place. Explanation of supreme reality is marvellous in the Sikh scripture. No religion of the world defines the attributes of God as clear as explained by the Sikh Gurus. Institutions of Sikhism play a role of column supports in the advancement of religion and institution of Guruship is the foundation stone in the development of Sikh theology. Guru leads the whole humanity on the pathway to God without any distinction of region, class, caste, creed, sex, colour etc. Guru is like a tree of contentment, discipline *(Dharma)* is his flower whose fruit is the knowledge of supreme reality. The mind is controlled by knowledge and knowledge is attained from the Guru. Guru instructs the disciple to imbibe the godly qualities which constitute the basis for God realization. Apart from all these qualities, the institution of Guruship makes Sikhism different from the existing theories of *Avtaras* and the prophecies. The succession of ten Gurus deviate themselves from the Indian traditional way of guruship. Guru Nanak gave Guruship a new form and content. He made a landmark departure in the succession of guruship when he proclaimed Bhai Lehna eligible for the authority of guruship.

The devoted attitude of Bhai Lehna distinguished him not only from Guru Nanak's sons but also from the other loyal disciples. Bhai Lehna obeyed Guru's words in thought and deed :

**ਗੁਰਿ ਕਹਿਆ ਸਾ ਕਾਰ ਕਮਾਵਹੁ॥** (ਅੰਗ 933)
(Do thou the deed ordained by the Guru)

Two anecdotes from the Sikh history prove this aspect of Bhai Lehna's character. In the first one, when Bhai Lehna came to Kartarpur second time, Guru Nanak was working in his fields. Guru Nanak prepared bundle of grass for his cattle. Bhai Lehna presented himself to serve. Bhai Lehna picked up the bundle of grass on his head. The bundle of grass was muddy. The muddy water drops dripped on the new clothes of Bhai Lehna. When Bhai Lehna reached Guru Nanak's house, Mata Tripta asked Guru Nanak to look at the clothes of Lehna which had been spoiled with mud. Guru Nanak replied that it was not mud, but saffron, making him as God's own elect and God founded him fit to carry the burden of humanity.



**Gurdwara Khadur Sahib, Distt. Amritsar, built in memory of Guru Angad Sahib**

In another anecdote Guru Nanak put on himself terrible looks and dressed in ragged clothes, with a knife in his hand. He ran towards the forest. All the Sikhs left Guru Nanak except Bhai Lehna and three others. Guru Nanak threatened them with gestures and began to throw stones on them. Bhai Lehna alone stood firm there. Guru Nanak led him to the funeral pyre and asked to eat the corpse. Bhai Lehna without any hesitation bowed to ground to eat the corpse. He found there sweet pudding instead of a corpse. By doing this Bhai Lehna showed the true obediency.

The question arises why only Bhai Lehna was the right choice for the authority of Guruship and how he will prove himself against Guru Nanak that he is capable for the advancement of Sikh religion? These questions were explained by many of the scholars and historians relating to the Sikh Studies. The hardcore evidence is available in the Sikh scripture *(Guru Granth Sahib) 'Ramkali Ki Var'* which was sung by Bhai Satta and Balwand.

Bhai Satta and Balwand were the musicians in Guru's court. They used to sing daily before the assembly. *'Ramkali Ki Var'* was articulated by both the bards. The stanzas of praise were preserved in

*Sri Guru Granth Sahib* by the fifth Nanak himself. *'Ramkali Ki Var'* was also well known as *'Tikka Di Var.' Var* has some particular narrating boundaries. Prof. Sahib Singh narrates that *Var* explains one or more enthusiastic aspect of a particular personality. The praise stanza is repeated again and again in the *Var*. The complete stress in the *Var* is made on particular aspect so that it goes deeper in the hearts of listeners. In *Ramkali Ki Var* both the musicians explained the particular aspect of *Succession of Guruship*. The question arises in the *Var* as to why Guru Nanak bowed before his follower? This main theme is discussed in details in the *Var*. Satta sang aloud his stanza showing the discussion of the people at that time. The discussion of the people was that Guru Nanak made the impossible thing into possible one and established the independency of Guruship. It was impossible in the Indian Religious tradition for the Guru to bow before his disciple. But Guru Nanak showed that Guruship was free from ancestral possession and this had been done by him while he was alive.

**ਸਹਿ ਟਿਕਾ ਦਿਤੋਸੁ ਜੀਵਦੈ॥ (ਅੰਗ 966)**

(Guru Nanak the King, whilst alive gave the apostolic mark to Angad.)

Bhai Lehna did whatsoever Guru Nanak ordered him to do and tasted the insipid stone leading to the union with the Supreme Being. In the test of Guruship, Guru Nanak offered same opportunities to his sons and other Sikhs also. The follower who would qualify the test would be the real claimant. Test was so hard that only deep hearted obedience would qualify it. Satta said in the *Var* that Nanak tested all his disciples and his sons. This test was seen by the whole world and Guru Angad was found fit for the throne. Guru's sons not only disobeyed his words but also turned back to proclaimed Guru. Weighing the merit of both sides, Guru like the God and Righteous Judge, gave the correct decision. By finding Bhai Lehna immaculate the Guru established him on the Throne. Whatever the true Lord want to do does as such. The sovereignty of Guru Angad was proclaimed and True Creator confirmed him. Both the singers proved that there was some antagonism about the authority of Guruship.

Guru Nanak blessed Bhai Lehna as Guru Angad. Guru Nanak gave him the sword of Spiritual Power. Guru Nanak bowed before his disciple Guru Angad and appointed him as the next Guru in his life time. By giving the reward of his service Guru Nanak announced the proclamation of Lehna's succession. Satta said when the True Guru uttered the truth about his succession then why should we hesitate from proclaiming him? The people were anxious to see who gained and who lost. Guru Nanak made the remarkable example in the selection of his succession and the obedient Guru Angad occupied the Gurgaddi throne. By doing this, Guru Nanak made the Ganges flow in the opposite direction.

**ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿਕਿਓਨੁ॥(967)**

(It is as if the Guru made the Ganges flow in the opposite direction, and the world wonder : what has he done?)

Guru Nanak established the reign of Almighty God and such he built the true fort on the strongest foundations of truth. Guru Nanak blessed Angad with the sword of Spiritual Powers and laid the Lord's canopy on Guru Angad's head. After that Guru Nanak instructed Angad about Guru-God wisdom and gave him the Nectar of *Name* to drink. Now Guru Angad sat on the throne of Guru Nanak and Divine Canopy was installed over him and he occupied Guru Nanak's wisdom. Guru Nanak merged his light *(Jot)* into Guru Angad. By emerging the light *(Jot)* into Angad, Guru Nanak and the Angad became one. He was Guru Nanak who changed himself in form of Guru Angad. The Divine light and the manner of Guru Nanak became same in Guru Angad only physical body was changed.

Guru Nanak directed Guru Angad after his appointment to the Guruship to return to Khadoor. Guru Angad, the son of Pheru came back to flourish the Khadoor town. Guru's followers used to stand at Guru's doorsill and their sins (rust) were scrubbed off with Guru's scraper (grace). Guru Angad was the true saint at the Lord's door, loved the True Name and Guru's words. By doing this the face of Guru Angad was in very bright light. Meditation, Austerity and Self- Discipline was followed by Guru Angad. The Lord's light spontaneously rains in Guru's court. Guru possessed the Nine Treasures of the Lord's Name. *Langar* of Guru Angad is inexhaustible and consists of eatables and the *Shabad*. Guru Angad's wife *Khivi* distributes the Guru's wealth in his Kitchen i.e. Nectar-sweet rice-pudding mixed with ghee. Mother *Khivi's* spouse sustains the whole world. In *Var* they said Guru Angad as a sea of calmness the depth of which cannot be measured. In *Var* it is also said that the any person who will back-bite Guru Angad would be disgraced.

Courtesy : *Journal of Sikh Studies, 2002*

✧ ✧ ✧ ✧ ✧

# ਮੇਰੀ ਖਿੜੀ ਰਹੇ ਗੁਲਜ਼ਾਰ

## ਲਹਿਣੇ ਤੋਂ ਅੰਗਦ

ਸੇਵਾ ਕੀਤੀ ਗੁਰਾਂ ਦੀ ਲਹਿਣੇ ਨੇ ਸਤ ਸਾਲ,
ਨਾ ਉਸ ਤਕਿਆ ਰਾਤ ਦਿਨ, ਨਾ ਉਸ ਹਾੜ ਸਿਆਲ।
ਚੰਡਿਆ ਉਸ ਨੂੰ ਗੁਰੂ ਨੇ ਅਤ ਕਰੜਾਈ ਨਾਲ,
ਕੰਚਨ ਜਿਉਂ ਚਮਕਾਇਆ ਵਿਚ ਕੁਠਾਲੀ ਢਾਲ।
ਕਈ ਵਾਰ ਪਰਤਾਇਆ ਉਲਟੇ ਘੱਟ ਸਵਾਲ,
ਪੁਤਰੀ ਕੌਲ ਨਾ ਪਾਲਿਆ ਲਹਿਣੇ ਦਸਿਆ ਪਾਲ।
ਵਿਚ ਸੇਵਾ ਤੇ ਰਜ਼ਾ ਦੇ ਦਸੀ ਉਸ ਨੇ ਹੱਦ,
ਤਾਂਹੀਓਂ ਸੀ ਉਹ ਗੁਰਾਂ ਨੂੰ ਪੁੱਤਰਾਂ ਤੋਂ ਵੀ ਵੱਧ।
ਪੁੱਤਰਾਂ ਵੱਲੋਂ ਉਨ੍ਹਾਂ ਦੀ ਮੁਕ ਚੁੱਕੀ ਸੀ ਆਸ,
ਕੌਣ ਚੁੱਕੇਗਾ ਭਾਰ ਇਹ ਸੋਚਣ ਸਾਸ ਗਰਾਸ।
ਵਿਚ ਮਾਯਾ ਦੇ ਖੁਭਿਆ ਹੈ ਸੀ ਲਖਮੀ ਦਾਸ,
ਸ੍ਰੀ ਚੰਦ ਨੇ ਧਾਰਿਆ ਹੋਇਆ ਸੀ ਸੰਨਿਆਸ।
ਲਿਆ ਪਕੜ ਸੀ ਓਸ ਨੇ ਜੋਗੀਆਂ ਵਾਲਾ ਰਾਹ,
ਹੁੰਦਾ ਸੀ ਪਰਸੰਨ ਉਹ 'ਬਾਲ ਜਤੀ' ਅਖਵਾ।
ਅੱਗੇ ਸਨ ਹੁਣ ਗੁਰੂ ਦੇ ਦੋ ਹੀ ਸੇਵਕ ਹੋਰ,
ਵਿਚ ਸੇਵਾ ਤੇ ਨਿਮਰਤਾ ਨਹੀਂ ਜਿਨ੍ਹਾਂ ਦਾ ਜੋੜ।
ਗੁਰ-ਚਰਨਾਂ ਤੋਂ ਜੇਹੜੇ ਨਿਮਖ ਨਾ ਹੁੰਦੇ ਵੱਖ,
ਲਹਿਣਾ ਸੱਜੀ ਅੱਖ ਸੀ, ਬੁੱਢਾ ਖੱਬੀ ਅੱਖ।
ਵਿਚ **ਮਹਿਮਾ ਪ੍ਰਕਾਸ਼** ਦੇ ਆਉਂਦਾ ਹੈ ਵਿਸਤਾਰ,
ਕਿਵੇਂ ਨਿਬੇੜਾ ਗੁਰੂ ਨੇ ਕੀਤਾ ਆਖ਼ਰਕਾਰ।

ਇਕ ਦਿਨ ਬਾਬਾ ਭੇਖ ਵਟਾ,
ਵਾਂਗ ਸ਼ਿਕਾਰੀਆਂ ਕਪੜੇ ਪਾ,
ਨਾਲ ਅਪਣੇ ਕੁਝ ਕੁੱਤੇ ਲਾ,
ਤੁਰਿਆ ਵਲ ਜੰਗਲ ਦੇ ਧਾ।
ਸਿੱਖ ਸੇਵਕ ਹੋਏ ਹੈਰਾਨ,
ਇਹ ਕੀ ਕੌਤਕ ਵਰਤਿਆ ਆਣ।
ਮਗਰੇ ਮਗਰ ਉਨ੍ਹਾਂ ਦੇ ਲੱਗੇ,
ਪਰ ਕੁਝ ਵਾਟ ਗਏ ਜਾਂ ਅੱਗੇ,
ਬਾਬੇ ਭਰ ਟਕਿਆਂ ਦੀਆਂ ਮੁੱਠਾਂ,
ਪਿੱਛੇ ਵਲ ਕੀਤੀਆਂ ਸੋਟਾਂ।
ਕੁਝ ਲੋਕਾਂ ਨੇ ਪੈਸੇ ਲੁੱਟ
ਪੈਰ ਲਏ ਪਿੱਛੇ ਵਲ ਪੁੱਟ।
ਹੋਰ ਗਏ ਜਦ ਥੋਹੜੀ ਦੂਰ,
ਸੁਟੀਆਂ ਮੁਹਰਾਂ ਫੇਰ ਹਜ਼ੂਰ।
ਲੋਕਾਂ ਚੁੱਕ ਕੇ ਬੋਝੇ ਪਾਈਆਂ,
ਪਿੱਛੇ ਵਲ ਕੀਤੀਆਂ ਧਾਈਆਂ।
ਪੁੱਜੇ ਜਦ ਜੰਗਲ ਦੇ ਬੰਨੇ,
ਗੁਰਾਂ ਵਗ੍ਹਾਏ ਹੀਰੇ ਪੰਨੇ।
ਨਾਲ ਰਹੇ ਜੋ ਸੇਵਕ ਥੋਹੜੇ
ਉਹ ਵੀ ਚੁੱਕ ਪਿੱਛੇ ਵਲ ਦੌੜੇ।
ਪੁੱਜੇ ਜਦ ਜੰਗਲ ਵਿਚਕਾਰ,
ਰਹਿ ਗਏ ਤਿੰਨ ਹੀ ਸੇਵਾਦਾਰ।

ਲਹਿਣਾ, ਬੁੱਢਾ ਅਤੇ ਭਗੀਰਥ,
ਹਰ ਮੂੰਹ ਤੇ ਜਿਨ੍ਹਾਂ ਦੀ ਕੀਰਤ।
ਬਾਬੇ ਰੂਪ ਭਿਆਨਕ ਧਾਰ,
ਫਿਰ ਕੀਤਾ ਕੁਤਕੇ ਦਾ ਵਾਰ।
ਡਰ ਦੇ ਨਾਲ ਭਗੀਰਥ ਭੱਜਾ,
ਰਹਿ ਗਏ ਬੱਸ ਲਹਿਣਾ ਤੇ ਬੁੱਢਾ।
ਕੀ ਦੇਖਣ ਇਕ ਚਾਦਰ ਹੇਠ,
ਮੁਰਦਾ ਰਖਿਆ ਕਿਸੇ ਵਲ੍ਹੇਟ।
ਅਤੇ ਚਵ੍ਹਾਂ ਗੁੱਠਾਂ ਵਿਚਕਾਰ
ਲਟ ਲਟ ਬਲਦੇ ਦੀਵੇ ਚਾਰ।
ਤਕ ਕੇ ਬਾਬਾ ਗਿਆ ਖਲੋ –
"ਹੈ ਕੋਈ ਜਿਹੜਾ ਅੱਗੇ ਹੋ
ਚੁਕ ਕੇ ਚਾਦਰ ਇਸ ਨੂੰ ਭੱਖੇ?"
ਬੁੱਢਾ ਵੀ ਹੋ ਤੁਰਿਆ ਵੱਖੇ।
ਤਦ ਲਹਿਣੇ ਨੇ ਮੰਨ ਰਜ਼ਾ
ਆਖਿਆ, "ਹੇ ਸੱਚੇ ਪਾਤਸ਼ਾਹ,
ਕਿਧਰੋ ਲੱਗਾਂ ਸਿਰੋਂ ਜਾਂ ਪੈਰੋਂ?"
ਆਖਿਆ ਬਾਬੇ ਨੇ ਵਿਚਕਾਰੋਂ।
ਲਹਿਣੇ ਨੇ ਜਦ ਬਸਤਰ ਚਾਇਆ,
ਕੜਾਹ ਤ੍ਰਿਹਾਵਲ ਨਜ਼ਰੀਂ ਆਇਆ।
ਤਦ ਲਹਿਣੇ ਨੂੰ ਨਾਨਕ ਕਿਹਾ,
"ਪੁਰਖਾ ਤੂੰ ਕਿਉਂ ਨਾ ਗਿਆ?"
ਲਹਿਣੇ ਕਿਹਾ "ਮੈਂ ਕਿੱਥੇ ਜਾਣਾ,
ਸਭ ਦਾ ਕੋਈ ਨਾ ਕੋਈ ਟਿਕਾਣਾ।
ਪਰ ਨਾ ਮੇਰੀ ਕੋਈ ਠੌਰ
ਕਿੱਥੇ ਜਾਣਾ ਸੀ ਮੈਂ ਦੌੜ।"
ਸੁਣ ਬਾਬੇ ਨਾਨਕ ਨੇ ਕਿਹਾ,
"ਲਹਿਣਿਆ, ਮੈਂ ਵੀ ਤੇਰੇ ਜਿਹਾ।
ਮੈਂ ਵੀ ਲੱਭਦਾ ਫਿਰਾਂ ਠਿਕਾਣਾ
ਜਿੱਥੇ ਚਾਹਾਂ ਜੋਤ ਟਿਕਾਣਾ।
ਮੁੱਕ ਗਈ ਅੱਜ ਮੇਰੀ ਦੌੜ,
ਮੈਂ ਹੀ ਲਿਆ ਟਿਕਾਣਾ ਲੋੜ।"
ਪੂਰੇ ਵੱਟੇ ਜਦੋਂ ਤੁਲਾਇਆ
ਲਹਿਣੇ ਨੂੰ ਬਾਬੇ ਗਲ ਲਾਇਆ।

ਅਗਲੇ ਹੀ ਦਿਨ ਖਿੰਡ ਗਈ ਵਿਚ ਨਗਰ ਦੇ ਸੋ,
ਲਹਿਣਾ ਜੀ ਨੂੰ ਟਿਕਣ ਦਾ ਗਿਆ ਫ਼ੈਸਲਾ ਹੋ।
ਕਠੀਆਂ ਹੋਈਆਂ ਸੰਗਤਾਂ ਰਾਵੀ ਕੰਢੇ ਆਣ
ਗੁਰਿਆਈ ਦੀ ਰਸਮ ਨੂੰ ਚਾਵਾਂ ਨਾਲ ਮੰਨਾਣ।
ਮੁੱਕਾ ਜਿਸ ਦਮ ਕੀਰਤਨ ਹੋਣ ਲਗੀ ਅਰਦਾਸ।
ਕੀਤੀ ਅਰਜ਼ ਬਰਾਦਰੀ ਆ ਬਾਬੇ ਦੇ ਪਾਸ।
ਵਿਚ ਸਿਆਣਪ ਤੁਸਾਂ ਦੀ ਸਾਨੂੰ ਰਤੀ ਨਾ ਸ਼ੱਕ
ਪਰ ਸੀ ਤੁਹਾਡੇ ਪੁੱਤਰਾਂ ਦਾ ਗੱਦੀ ਤੇ ਹੱਕ।
ਬਾਬੇ ਆਖਿਆ ਸੋਹਣਿਉਂ ਮੈਂ ਹੁੰਦਾ ਹਾਂ ਕੌਣ,
ਕੀਤੀ ਆਪ ਅਕਾਲ ਨੇ ਹੈ ਲਹਿਣੇ ਦੀ ਚੋਣ।
ਕਿਉਂਕਿ ਘਾਲੀ ਓਸਨੇ ਮਰਦਾਂ ਵਾਲੀ ਘਾਲ,
ਵਿਚ ਸੇਵਾ ਤੇ ਨਿਮਰਤਾ ਜਿਸਦੀ ਨਹੀਂ ਮਿਸਾਲ।
ਆਖਿਆ ਫੇਰ ਬਰਾਦਰੀ ਗੱਲ ਗੁਰੂ ਦੀ ਕੱਟ,
ਨਹੀਂ ਗੇ ਪੁੱਤਰ ਤੁਸਾਂ ਦੇ ਸੇਵਾ ਦੇ ਵਿਚ ਘੱਟ।
"ਠੀਕ ਨਾ ਕਰਨੀ ਬਹਿਸ ਇੰਜ", ਬੋਲੇ ਕਰੁਣਾਧਾਰ,
"ਕੌਣ ਸੇਵਕ ਤੇ ਕੌਣ ਨਾ ਲੈਨੇ ਆਂ ਹੁਣੇ ਨਿਤਾਰ।"
ਕਰ ਇਕ ਪੈਸਾ ਬੰਦ ਫਿਰ ਮੁੱਠੀ ਦੇ ਵਿਚਕਾਰ,
ਸ੍ਰੀ ਚੰਦ ਨੂੰ ਪੁੱਛਿਆ, ਦੱਸੋ ਬਰਖ਼ੁਰਦਾਰ,
ਕੀ ਹੈ ਸਾਡੀ ਮੁੱਠ ਵਿਚ? ਕਿਹਾ ਸ੍ਰੀ ਚੰਦ ਉੱਠ,
ਇਕ ਪੈਸਾ ਹੈ ਪਿਤਾ ਜੀ ਵਿਚ ਤੁਹਾਡੀ ਮੁੱਠ।
ਲਖਮੀ ਚੰਦ ਤੋਂ ਪੁੱਛਿਆ ਫਿਰ ਬਾਬੇ ਮੁਸਕਾ,
ਇਕ ਪੈਸਾ ਹੀ ਦੱਸਿਆ ਉਸ ਵੀ ਭੋਲੇ ਭਾ।
ਜਦ ਅੰਗਦ ਤੋਂ ਪੁੱਛਿਆ, ਬੋਲਿਆ ਹੋ ਕੁਰਬਾਨ,
"ਬੰਦ ਤੁਹਾਡੀ ਮੁੱਠ ਵਿਚ ਭਗਤੀ ਅਤੇ ਗਿਆਨ।"
ਗਦ ਗਦ ਹੋ ਤਦ ਗੁਰੂ ਨੇ ਲਹਿਣਾ ਲਾਇਆ ਹਿੱਕ।
ਅੰਗਦ ਕੀਤਾ ਓਸਨੂੰ ਆਪੇ ਸੇਤੀ ਮਿੱਕ।
ਗੁਰੂ ਥਾਪਿਆ ਜੀਂਵਦੇ ਪਿੱਛੋਂ ਪਏ ਨਾ ਫਿੱਕ।
ਸਿਰ ਤੇ ਛਤ੍ਰ ਝੁਲਾਇਆ ਗਗਨ ਕਿਆੜਾ ਛਿੱਕ।
ਪੈਸੇ ਪੰਜ ਨਿਰੇਲ ਇਕ ਫਿਰ ਚਰਨਾਂ ਤੇ ਰੱਖ,
ਝੁਕ ਕੇ ਮੱਥਾ ਟੇਕਿਆ ਜਾਣ ਗੁਰੂ ਪਰਤੱਖ।
ਫਿਰ ਬਾਬੇ ਨੇ ਉਠ ਕੇ ਪੋਥੀ ਕੀਤੀ ਭੇਟ,
ਅਮਰ ਖ਼ਜ਼ਾਨਾ ਸ਼ਬਦ ਦਾ ਕੋਈ ਨਾ ਸੱਕੇ ਮੇਟ।
ਏਦਾਂ ਵਿਚ ਕਰਤਾਰਪੁਰ ਛੋੜ ਪੁਰਾਤਨ ਢੰਗ,
ਤੋੜ ਵਰਾਸਤ ਦੀ ਪ੍ਰਥਾ ਉਲਟ ਵਹਾਈ ਗੰਗ।

❖ **ਪ੍ਰੋ. ਮੋਹਨ ਸਿੰਘ**
**(ਨਾਨਕਾਇਣ 'ਚੋਂ)**

✧ ✧ ✧ ✧ ✧

ਖਾਲਸਾ ਸਮਾਚਾਰ
੧੦੦ ਸਾਲ ਪਹਿਲਾਂ
ਹਫ਼ਤਾਵਾਰ ਪੰਜਾਬੀ ਪਰਚਾ

**9 ਸਤੰਬਰ, 1920**

## ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਦਾ ਸੁਧਾਰ

ਸ੍ਰੀ ਦਰਬਾਰ ਸਾਹਿਬ ਦੀ ਸੇਵਾ ਦੇ ਨਵੇਂ ਸ੍ਰਬਰਾਹ ਸਾਹਬ ਪ੍ਰਬੰਧ ਵਿਚ ਬੜੀ ਦਿਲਚਸਪੀ ਲੈ ਰਹੇ ਹਨ, ਫੁਲੇਰੇ ਆਦਿਕ ਜੋ ਅੱਗੇ ਪੁਰਾਣੇ ਤੇ ਕਮਲਾਏ ਹੋਏ ਫੁਲ ਰਖਦੇ ਸੀ ਸਾਫ ਸੁਥਰੇ ਰਖਣ ਲਗ ਪਏ ਹਨ, ਕੁਝ ਦੁਕਾਨਾਂ ਜਿੰਨਾਂ ਦੇ ਕਿਰਾਏ ਨਾਮਿਆਂ ਦੀ ਮੁੱਦਤ ਖਤਮ ਹੋ ਚੁਕੀ ਸੀ ਨੀਲਾਮੀ ਨਾਲ ਕਰਾਏ ਤੇ ਦਿਤੀਆਂ ਗਈਆਂ ਹਨ, ਜਿਸ ਤੋਂ ਉਹ ਦੁਕਾਨਾਂ ਜਿਨਾਂ ਦਾ ਕਰਾਇਆ 84) ਤੇ 500) ਰੁਪਯਾ ਸਾਲ ਸੀ 500) ਤੇ 3700) ਰੁਪਯਾ ਸਾਲ ਤੇ ਚੜ੍ਹ ਗਈਆਂ ਹਨ, ਪ੍ਰਕਰਮਾਂ ਵਿੱਚੋਂ ਦੁਕਾਨਾਂ ਉਠਾਨ ਦਾ ਯਤਨ ਹੋ ਰਿਹਾ ਹੈ। ਛੋਲਿਆਂ ਵਾਲਿਆਂ ਦੀ ਦੁਕਾਨ ਜਿਸਦੀ ਸੰਗਤ ਨੂੰ ਸਖਤ ਸ਼ਕਾਇਤ ਸੀ ਉਠਾ ਦਿੱਤੀ ਗਈ ਹੈ, ਇਸੇ ਤਰਾਂ ਗੁਰੂ ਦੇ ਬਾਗ ਵਾਲੀ ਦੁਕਾਨ ਵੀ ਉਠਾ ਦਿੱਤੀ ਗਈ ਹੈ। ਦਾਨਿਆਂ ਦੇ ਬਖੇਰਨ ਨਾਲ ਗਊਆਂ ਆਕੇ ਬੇਅਦਬੀ ਦਾ ਕਾਰਨ ਬਨਦੀਆਂ ਸਨ ਇਸਦਾ ਬੀ ਪ੍ਰਬੰਧ ਹੋ ਗਿਆ ਹੈ। ਅੰਦਰ ਜੋ ਊਧਮ ਮਚਿਆ ਰਹਿੰਦਾ ਸੀ ਉਹ ਬੀ ਸ਼ਾਂਤ ਹੋ ਰਿਹਾ ਹੈ। ਹੁਣ ਆਪ ਦੀ ਤਵਜੋ ਕੀਰਤਨ ਦੇ ਸੁਧਾਰ ਵਲ ਪੈਣੀ ਉਚਿਤ ਹੈ, ਕਿਉਂਕਿ ਕੀਰਤਨ ਰੂਹ ਦੀ ਗਜ਼ਾ ਹੈ ਤੇ ਏਥੇ ਹੀ ਅਠ ਪਹਰ ਮਿਲਦੀ ਹੈ ਤੇ ਇਸ ਵਿਚ ਕਮੀ ਨਹੀਂ ਹੋਣੀ ਚਾਹੀਏ। ਆਸ ਹੈ ਨਵੇਂ ਸ੍ਰਬਰਾਹ ਸਾਹਬ ਸਤਗੁਰਾਂ ਦੀ ਸੇਵਾ ਵਿਚ ਬਹੁਤ ਕੁਛ ਅਪਨਾ ਜਨਮ ਸਫਲਾ ਕਰ ਸੱਕਨਗੇ ਤੇ ਸੰਗਤਾਂ ਪ੍ਰਸੰਨ ਹੋਣਗੀਆਂ।

## ਕੌਂਸਲ ਦੇ ਦੋ ਮੈਂਬਰ

ਸਰਦਾਰ ਹਰਬੰਸ ਸਿੰਘ ਜੀ ਰਈਸ ਅਟਾਰੀ ਤੇ ਮਾਸਟਰ ਜੋਧ ਸਿੰਘ ਜੀ ਐਮ. ਏ. ਦੇ ਜ਼ਿਲਾ ਅੰਮ੍ਰਤਸਰ ਤੇ ਰਾਵਲਪਿੰਡੀ ਦੇ ਪਿੰਡਾਂ ਦੇ ਸਿੱਖਾਂ ਵੱਲੋਂ ਖੜੇ ਹੋਣ ਦੀ ਬਾਬਤ ਉਹਨਾਂ ਦੀਆਂ ਚਿੱਠੀਆਂ ਪਿਛਲੇ ਪ੍ਰਚੇ ਵਿੱਚ ਪਾਠਕਾਂ ਪੜ੍ਹ ਲਈਆਂ ਹਨ, ਇਹ ਦੋਵੇਂ ਸਾਹਿਬ ਪ੍ਰਸਿੱਧ ਪੰਥ ਸੇਵਕ ਹਨ ਤੇ ਇੰਨਾਂ ਦੇ ਨਾਮ ਜਾਂ ਕੰਮ ਤੋਂ ਜਾਣੂ ਕਰਾਣ ਦੀ ਵਿਸ਼ੇਸ਼ ਲੋੜ ਪ੍ਰਤੀਤ ਨਹੀਂ ਹੋਂਦੀ, ਸਾਡਾ ਖਿਆਲ ਹੈ ਕਿ ਜੇ ਕਦੀ ਇੰਨਾਂ ਸੱਜਨਾਂ ਨੂੰ ਪੰਜਾਬ ਕੌਂਸਲ ਦੀ ਮੈਂਬਰੀ ਲਈ ਕਾਮਯਾਬ ਬਣਾਇਆ ਗਿਆ ਤਦ ਇਹ ਸਿੱਖਾਂ ਦੇ ਹੱਕਾਂ ਦੀ ਵਕਾਲਤ ਤੇ ਰਾਖੀ ਦੂਰਅੰਦੇਸ਼ੀ ਤੇ ਨਿਰਭਰਤਾ ਨਾਲ ਕਰਨਗੇ। ਸ੍ਰ: ਸਾਹਿਬ ਬੜੇ ਖਾਨਦਾਨੀ ਤੇ ਇਤਿਹਾਸਕ ਪਿਛੇ ਵਾਲੇ ਰਈਸ ਹਨ। ਸ੍ਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲੇ ਦੇ ਆਪ ਪੋਤੇ ਹਨ। ਵਿਦਵਾਨ ਬੀ ਪੂਰੇ ਹਨ। ਪ੍ਰਿੰਸੀਪਲ ਜੋਧ ਸਿੰਘ ਜੀ ਦੀ ਵਿਦਯਾ ਤੇ ਧਾਰਮਿਕ ਵਾਕਫੀ ਤੇ ਨੇਕੀ ਦੇ ਸਾਰੇ ਸਜਨ ਜਾਣੂ ਹਨ, ਕਿਆ ਅਛਾ ਹੋਵੇ ਕਿ ਪੰਥ ਆਪਨੂੰ ਨਿਰਯਤਨ ਚੁਣੇ, ਬਲਕੇ ਚਾਹੀਦਾ ਤਾਂ ਇਹ ਹੈ ਕਿ ਸਿੱਖਾਂ ਵਿਚ ਝਗੜੇ ਹੋਣ ਹੀ ਨਾਂ, ਸਾਰੀਆਂ ਸੀਟਾਂ ਤੇ ਫੈਸਲੇ ਪ੍ਰੇਮ ਪੂਰਬਕ ਆਪੋ ਵਿਚ ਕਰ

## ਗੁਰੂ ਅੰਗਦ ਦੇਵ...

ਜੀ ਨੂੰ ਕੀਤਾ। ਉਨ੍ਹਾਂ ਨੇ ਗੁਰੂ ਜੀ ਦੇ ਚਰਨ ਘੁੱਟਣੇ ਛੱਡ ਕੇ, ਬਿਨਾ ਕਿਸੇ ਹੀਲ ਹੁੱਜਤ ਦੇ ਅੱਧਮੋਇਆ ਚੂਹਾ ਚੁੱਕਿਆ ਅਤੇ ਬਾਹਰ ਸੁੱਟ ਦਿੱਤਾ।

ਗੁਰੂ ਨਾਨਕ ਦੇਵ ਜੀ ਆਪਣੇ ਸਾਹਿਬਜ਼ਾਦਿਆਂ ਦੀ ਮਾਤਾ ਨੂੰ ਇਹ ਦੱਸਣਾ ਚਾਹੁੰਦੇ ਸਨ ਕਿ ਬਿਗਾਨਾ ਪੁੱਤਰ ਆਪਣੇ ਪੁੱਤਰਾਂ ਨਾਲੋਂ ਕਿਤੇ ਵੱਧ ਆਗਿਆਕਾਰ ਹੈ। ਇਸ ਲਈ ਇਕ ਰਾਤ, ਮਾਤਾ ਜੀ ਦੀ ਹਾਜ਼ਰੀ ਵਿਚ ਆਪਣੇ ਦੋਹਾਂ ਸਾਹਿਬਜ਼ਾਦਿਆਂ ਨੂੰ ਵਾਰੋ-ਵਾਰੀ ਕਿਹਾ ਕਿ ਸਾਡੇ ਵਸਤਰ ਮੈਲੇ ਹਨ। ਰਾਵੀ ਉੱਤੇ ਜਾਓ। ਇਨ੍ਹਾਂ ਨੂੰ ਇਸੇ ਵੇਲੇ ਧੋ ਕੇ ਸੁਕਾ ਕੇ ਲੈ ਆਵੋ। ਪਰ ਅੱਗੋਂ ਦੋਵੇਂ ਪੁੱਤਰਾਂ ਨੇ ਜੁਆਬ ਦਿੱਤਾ— ਅੱਧੀ ਰਾਤ ਅੱਗੇ ਹੈ ਅਤੇ ਅੱਧੀ ਰਾਤ ਪਿੱਛੇ ਹੈ। ਬਾਹਰ ਹੱਥ ਮਾਰਿਆਂ ਵੀ ਦਿਖਾਈ ਨਹੀਂ ਦਿੰਦਾ। ਦਿਨ ਚੜ੍ਹੇ ਧੋਬੀ ਨੂੰ ਬੁਲਾ ਕੇ ਤੁਹਾਡੇ ਮੈਲੇ ਵਸਤਰ ਧੁਆ ਦਿਆਂਗੇ। ਨਾਲੇ, ਜੇਕਰ ਅਸੀਂ ਹੀ ਤੁਹਾਡੇ ਮੈਲੇ ਵਸਤਰ ਧੋਣੇ ਹਨ, ਤਾਂ ਇੰਨੇ ਸਿੱਖ ਕਾਹਦੇ ਲਈ ਹਨ?

ਫਿਰ ਗੁਰੂ ਜੀ ਆਪਣੇ ਸਿੱਖਾਂ ਨੂੰ ਵੀ ਹੁਕਮ ਕੀਤਾ, ਪਰ ਕੋਈ ਵੀ ਸਿੱਖ ਮੈਦਾਨ ਵਿਚ ਨਾ ਨਿੱਤਰਿਆ। ਅੰਤ ਨੂੰ ਗੁਰੂ ਜੀ ਨੇ ਉਹੀ ਹੁਕਮ ਭਾਈ ਲਹਿਣਾ ਜੀ ਨੂੰ ਕੀਤਾ। ਭਾਈ ਲਹਿਣਾ ਜੀ ਸਤਿਨਾਮੁ ਕਹਿ ਕੇ, ਗੁਰੂ ਜੀ ਦੇ ਮੈਲੇ ਵਸਤਰ ਚੁੱਕ ਕੇ ਦਰਿਆ ਰਾਵੀ ਵੱਲ ਚੱਲ ਪਏ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਵਸਤਰ ਧੋ ਕੇ, ਸੁਕਾ ਕੇ ਪਰਤ ਆਏ। ਇਸ ਤਰ੍ਹਾਂ ਹੋਰ ਵੀ ਕਈ ਪ੍ਰੀਖਿਆਵਾਂ ਗੁਰੂ ਨਾਨਕ ਦੇਵ ਜੀ ਨੇ ਸਾਹਿਬਜ਼ਾਦਿਆਂ ਤੇ ਭਾਈ ਲਹਿਣਾ ਜੀ ਦੀਆਂ ਲਈਆਂ।

ਭਾਈ ਲਹਿਣਾ ਜੀ ਦੀਆਂ ਪ੍ਰੀਖਿਆਵਾਂ ਅਤੇ ਪਰਤਾਵਿਆਂ ਦਾ ਅੰਤ ਹੋ ਰਿਹਾ ਸੀ। ਗੁਰੂ ਨਾਨਕ ਦੇਵ ਜੀ ਅੰਮ੍ਰਿਤ ਵੇਲੇ ਰਾਵੀ ਦਰਿਆ ਉੱਤੇ ਇਸ਼ਨਾਨ ਕਰਨ ਜਾਂਦੇ ਹੁੰਦੇ ਸਨ। ਭਾਈ ਲਹਿਣਾ ਜੀ ਵੀ ਉਨ੍ਹਾਂ ਦੀ ਸੇਵਾ ਲਈ ਉਨ੍ਹਾਂ ਦੇ ਨਾਲ ਹੀ ਜਾਂਦੇ ਹਨ। ਭਾਈ ਲਹਿਣਾ ਜੀ ਦੀ ਗੁਰਭਗਤੀ ਦੇਖ ਕੇ ਇਕ ਸਵੇਰ ਨੂੰ ਬਾਬਾ ਬੁੱਢਾ ਜੀ, ਭਾਈ ਭਗੀਰਥ ਜੀ, ਭਾਈ ਅਜਿੱਤਾ ਜੀ ਅਤੇ ਭਾਈ ਸਧਾਰਨ ਜੀ ਸਿਆਲ ਦੀ ਰੁੱਤੇ, ਪਹਿਰ ਦੇ ਤੜਕੇ, ਜਦ ਠੱਕਾ ਵੱਗ ਰਿਹਾ ਸੀ ਗੁਰੂ ਜੀ ਅਤੇ ਭਾਈ ਲਹਿਣਾ ਜੀ ਦੇ ਨਾਲ ਰਾਵੀ ਉੱਤੇ ਚਲੇ ਗਏ। ਰੱਬ ਦੀ ਕੁਦਰਤ, ਮੀਂਹ ਅਤੇ ਗੜੇ ਵੀ ਵਰ੍ਹਨ ਲੱਗ ਪਏ। ਰੱਬੀ ਕਹਿਰ ਦੇ ਦਬਕਾਏ ਉਹ ਸਾਰੇ ਸਿੱਖ ਡੇਰੇ ਵੱਲ ਉਠ ਭੱਜੇ। ਪਰ ਭਾਈ ਲਹਿਣਾ ਜੀ ਗੁਰੂ ਜੀ ਦੇ ਵਸਤਰਾਂ ਨੂੰ ਸੀਨੇ ਨਾਲ ਲਾਈ ਇਕੱਲੇ ਹੀ ਬੈਠੇ ਰਹੇ ਕਿਉਂਕਿ ਭਾਈ ਲਹਿਣਾ ਜੀ ਜਾਣਦੇ ਸਨ ਕਿ ਸੇਵਕ ਆਪਣੇ ਮਾਲਕ ਨੂੰ ਭੀੜ ਪੈਣ ਤੇ ਇਕੱਲਿਆਂ ਛੱਡ ਕੇ ਅਤੇ ਬਿਨਾ ਆਗਿਆ ਦੇ ਕਿਵੇਂ ਕਿਧਰੇ ਚਲਿਆ ਜਾਵੇ?

ਉਪਰੋਕਤ ਪ੍ਰੀਖਿਆਵਾਂ ਅਤੇ ਪਰਤਾਵਿਆਂ ਨੇ ਇਹ ਸਿੱਧ ➢ ➢

੧ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੩, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੭੬}

ਵਡਹੰਸੁ ਮਹਲਾ ੫, ਚਉਪਦਾ ੪-੧੯/੫-੨੦ ੧ੴ ਸਤਿਗੁਰ ਪ੍ਰਸਾਦਿ॥

| ਮੂਲ | ਅਰਥ |
|---|---|
| ਵਡਹੰਸੁ ਮਹਲਾ ੫॥ ਅੰਤਰਜਾਮੀ ਸੋ ਪ੍ਰਭੁ ਪੂਰਾ॥ ਦਾਨੁ ਦੇਇ ਸਾਧੂ ਕੀ ਧੂਰਾ॥੧॥ | ਉਹ ਪ੍ਰਭੂ (ਹਰ ਤਰ੍ਹਾਂ) ਸੰਪੂਰਨ ਹੈ ਤੇ ਅੰਤਰਜਾਮੀ ਹੈ, (ਉਹ ਪ੍ਰਭੂ ਮੈਨੂੰ) ਸਾਧੂ ਦੀ (ਚਰਨ) ਧੂੜੀ ਦਾਨ ਕਰੇ॥੧॥ |
| ਕਰਿ ਕਿਰਪਾ ਪ੍ਰਭ ਦੀਨ ਦਇਆਲਾ॥ ਤੇਰੀ ਓਟ ਪੂਰਨ ਗੋਪਾਲਾ॥੧॥ਰਹਾਉ॥ | ਹੇ ਦੀਨਾਂ ਦੇ ਦਿਆਲ ਪ੍ਰਭੂ! (ਮੇਰੇ ਤੇ) ਕਿਰਪਾ ਕਰੋ, ਹੇ ਪੂਰਨ, ਹੇ ਪ੍ਰਿਥਵੀ ਪਾਲਕ! (ਮੈਨੂੰ) ਤੇਰਾ (ਹੀ) ਆਸਰਾ ਹੈ॥੧॥ਰਹਾਉ॥ |
| ਜਲਿ ਥਲਿ ਮਹੀਅਲਿ ਰਹਿਆ ਭਰਪੂਰੇ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰੇ॥੨॥ | (ਹਾਂ, ਉਹ) ਪ੍ਰਭੂ ਦੂਰ ਨਹੀਂ, ਨੇੜੇ ਹੀ ਵਸਦਾ ਹੈ, ਜਲ ਥਲ (ਅਤੇ) ਧਰਤੀ ਅਕਾਸ਼ ਦੇ ਵਿਚਾਲੇ (ਸਭ ਥਾਂ) ਭਰਪੂਰ ਹੋ ਰਿਹਾ ਹੈ॥੨॥ |
| ਜਿਸ ਨੋ ਨਦਰਿ ਕਰੇ ਸੋ ਧਿਆਏ॥ ਆਠ ਪਹਰ ਹਰਿ ਕੇ ਗੁਣ ਗਾਏ॥੩॥ | ਜਿਸ ਉੱਤੇ ਉਹ ਕ੍ਰਿਪਾ ਦੀ ਦ੍ਰਿਸ਼ਟੀ ਪਾ ਦੇਂਦਾ ਹੈ, ਉਹ (ਉਸ ਨੂੰ) ਧਿਆਉਂਦਾ ਹੈ (ਤੇ) ਅੱਠੇ ਪਹਿਰ (ਉਸ) ਹਰੀ ਦੇ ਗੁਣ ਗਾਉਂਦਾ ਹੈ॥੩॥ |
| ਜੀਅ ਜੰਤ ਸਗਲੇ ਪ੍ਰਤਿਪਾਰੇ॥ ਸਰਨਿ ਪਰਿਓ ਨਾਨਕ ਹਰਿ ਦੁਆਰੇ॥੪॥੪॥ | (ਉਹੀ) ਸਾਰੇ ਜੀਅ ਜੰਤ ਨੂੰ ਪਾਲਦਾ ਹੈ, (ਐਸੇ) ਹਰੀ ਦੇ ਦੁਆਰੇ ਨਾਨਕ ਸ਼ਰਣ ਵਿਚ ਪੈ ਰਿਹਾ ਹੈ॥੪॥੪॥ |

➢➢ ਕਰ ਦਿੱਤਾ ਸੀ ਕਿ ਕੇਵਲ ਭਾਈ ਲਹਿਣਾ ਜੀ ਵਿਚ ਹੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰ-ਗੱਦੀ ਸੰਭਾਲਣ ਦੀ ਯੋਗਤਾ ਹੈ। ਅੰਤ ਨੂੰ ਹਾੜ ਵਦੀ ੧੩ (੧੭ ਹਾੜ) ਸੰਮਤ ੧੫੯੬, ਮੁਤਾਬਿਕ (14 ਜੂਨ, 1539) ਨੂੰ ਗੁਰੂ ਜੀ ਨੇ ਆਪਣੇ ਸਿੱਖਾਂ ਅਤੇ ਆਪਣੇ ਸਾਹਿਬਜ਼ਾਦਿਆਂ ਨੂੰ ਧਰਮਸ਼ਾਲਾ ਵਿਚ ਬੁਲਾ ਲਿਆ ਅਤੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਉੱਤੇ ਬਿਰਾਜਮਾਨ ਕਰਵਾਇਆ।

ਭਾਵ, ਭਾਈ ਲਹਿਣਾ ਜੀ ਦੇ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਗੁਰੂ ਨਾਨਕ ਦੇਵ ਜੀ ਨੇ ਮੱਥਾ ਟੇਕਿਆ। ਉਨ੍ਹਾਂ ਨੇ ਆਪਣੇ ਸਭ ਤੋਂ ਪੁਰਾਣੇ ਸਿੱਖ ਭਾਈ ਬੁੱਢਾ ਜੀ ਤੋਂ ਭਾਈ ਲਹਿਣਾ ਜੀ ਦੇ ਮਸਤਕ ਉੱਤੇ ਗੁਰਿਆਈ ਦਾ ਤਿਲਕ ਕਰਵਾਇਆ-

ਅੰਗਦ ਨਾਮ ਆਜ ਤੇਂ ਹੋਈ
ਨਿਜ ਅੰਗਨ ਤੇ ਕੀਨੋ ਤੋਹੀ

ਸਿੱਖ ਕੌਮ ਦੇ ਦੂਸਰੇ ਸੱਚੇ ਪਾਤਸ਼ਾਹ ਨੂੰ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ ਗਿਆ। ਬਾਕੀ ਸਾਰੀ ਸੰਗਤ ਨੇ ਵੀ ਦੂਸਰੀ ਪਾਤਸ਼ਾਹੀ ਨੂੰ ਵਾਰੀ-ਵਾਰੀ ਮੱਥਾ ਟੇਕਿਆ। ਪਰ ਈਰਖਾ ਕਾਰਨ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਨੇ ਉਨ੍ਹਾਂ ਨੂੰ ਮੱਥਾ ਨਾ ਟੇਕਿਆ ਅਤੇ ਆਪਣੇ ਗ੍ਰਹਿ ਵੱਲ ਚਾਲੇ ਪਾ ਗਏ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਹਿਬਜ਼ਾਦਿਆਂ ਦੇ ਅਜਿਹੇ ਰਵੱਈਏ ਨੂੰ ਦੇਖਦਿਆਂ ਗੁਰੂ ਅੰਗਦ ਦੇਵ ਜੀ ਨੂੰ ਹੁਕਮ ਕੀਤਾ ਕਿ ਉਹ ਹੁਣ ਖਡੂਰ ਜਾ ਵੱਸਣ। ਉਹ ਆਪ ਖ਼ੁਦ ਉਨ੍ਹਾਂ ਨੂੰ ਉੱਥੇ ਮਿਲਨ ਆਇਆ ਕਰਨਗੇ। ਜਦਕਿ ਗੁਰੂ ਅੰਗਦ ਦੇਵ ਜੀ ਦਾ ਮਨ ਗੁਰੂ ਨਾਨਕ ਦੇਵ ਜੀ ਤੋਂ ਵਿੱਛੜਨ ਨੂੰ ਨਹੀਂ ਸੀ ਕਰਦਾ ਅਤੇ ਉਨ੍ਹਾਂ ਦਾ ਮਨ ਕਰਤਾਰਪੁਰ ਛੱਡਣ ਨੂੰ ਵੀ ਨਹੀਂ ਸੀ ਕਰਦਾ, ਪਰ ਆਪਣੇ ਗੁਰੂ ਜੀ ਦਾ ਹੁਕਮ ਪਾ ਕੇ ਉਹ ਖਡੂਰ ਸਾਹਿਬ ਚਲੇ ਗਏ ਅਤੇ ਉੱਥੇ ਇਕਾਂਤ ਵਿਚ ਰਹਿਣ ਲੱਗੇ।

**-ਖੋਜ ਪਤ੍ਰਿਕਾ, ਮਾਰਚ 2003**


✧ ✧ ✧ ✧ ✧

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਗੁਰੂ ਗ੍ਰੰਥ ਸਾਹਿਬ ਦੇ ਭਗਤ ਸਾਹਿਬਾਨ ਤੇ ਸ. ਸੁਖਦੇਵ ਸਿੰਘ ਸ਼ਾਂਤ ਦਾ ਲੈਕਚਰ

ਨਵੀਂ ਦਿੱਲੀ, 28 ਅਗਸਤ, 2020 : ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਭਗਤ ਸਾਹਿਬਾਨ ਦੇ ਉਪਰ ਸਾਰਾ ਸਾਲ ਚੱਲਣ ਵਾਲੀ ਲੈਕਚਰ-ਲੜੀ ਦੇ ਤਹਿਤ ਇਸ ਵਾਰ ਸ. ਸੁਖਦੇਵ ਸਿੰਘ ਸ਼ਾਂਤ ਦਾ ਉਹਨਾਂ ਦੀ ਪੁਸਤਕ **ਪੰਦਰਾਂ ਭਗਤ ਸਾਹਿਬਾਨ** ਤੇ ਅਧਾਰਿਤ ਲੈਕਚਰ ਕਰਵਾਇਆ ਗਿਆ। ਇਸਦੀ ਪ੍ਰਧਾਨਗੀ ਇੰਟਰਨੈਸ਼ਨਲ ਸੈਂਟਰ ਫ਼ਾਰ ਸਿੱਖ ਸਟੱਡੀਜ਼, ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਡਾਇਰੈਕਟਰ ਡਾ. ਹਰਬੰਸ ਕੌਰ ਸਾਗੂ ਨੇ ਕੀਤੀ ਅਤੇ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਪ੍ਰੋ. ਰਵੇਲ ਸਿੰਘ ਨੇ ਇਸ ਦਾ ਸੰਚਾਲਨ ਕੀਤਾ।

ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਭਾਈ ਵੀਰ ਸਿੰਘ ਦੀਆਂ ਲਿਖਤਾਂ ਦੇ ਪ੍ਰਚਾਰ ਹਿੱਤ ਸਦਨ ਵੱਲੋਂ ਸਮੇਂ-ਸਮੇਂ ਕੀਤੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਸਭ ਨੂੰ ਜੀਓ-ਆਇਆਂ ਕਿਹਾ। ਉਪਰੰਤ ਅਮਰੀਕਾ ਤੋਂ ਸ. ਸੁਖਦੇਵ ਸਿੰਘ ਸ਼ਾਂਤ ਨੇ ਆਪਣੇ ਵਿਆਖਿਆਨ 'ਚ ਗੁਰੂ ਗ੍ਰੰਥ ਸਾਹਿਬ 'ਚ ਦਰਜ 15 ਭਗਤ ਸਾਹਿਬਾਨ ਦੀ ਆਪਸੀ ਸਾਂਝ ਦੀ ਗੱਲ ਕਰਦਿਆਂ ਕਿਹਾ ਕਿ ਅਸਲ 'ਚ ਇਹ ਸਾਂਝ ਵਿਚਾਰਧਾਰਾ ਦੀ ਸਾਂਝ ਸੀ ਤੇ ਇਸ ਸਾਂਝ ਸਦਕਾ ਹੀ ਭਗਤਾਂ ਦੀ ਬਾਣੀ ਗੁਰੂ ਅਰਜਨ ਸਾਹਿਬ ਰਾਹੀਂ ਸੰਪਾਦਨ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਬਣੀ। ਉਨ੍ਹਾਂ ਅਨੁਸਾਰ ਇਸੇ ਸਾਂਝ ਸਦਕਾ ਹੀ ਭਗਤ ਆਪਣੀ ਬਾਣੀ 'ਚ ਆਪਣੇ ਸਮਕਾਲੀ ਅਤੇ ਪੂਰਬਕਾਲੀ ਭਗਤਾਂ ਦਾ ਜ਼ਿਕਰ ਵੀ ਕਰਦੇ ਹਨ। ਗੁਰਬਾਣੀ 'ਚ ਦਰਜ ਇਨ੍ਹਾਂ ਭਗਤਾਂ ਨੇ ਜਾਤ-ਪਾਤ, ਮਜ਼ਹਬ, ਲਿੰਗ, ਖੇਤਰ ਆਦਿ ਪੱਖੋਂ ਸਮਾਜ ਅੰਦਰ ਚਲ ਰਹੇ ਵਿਤਕਰਿਆਂ ਦਾ ਆਪਣੀ ਬਾਣੀ 'ਚ ਭਰਪੂਰ ਖੰਡਨ ਕੀਤਾ ਅਤੇ ਨਿਰਗੁਣ ਬ੍ਰਹਮ ਦੀ ਉਪਾਸਨਾ ਤੇ ਜ਼ੋਰ ਦਿੱਤਾ ਹੈ। ਉਪਰੰਤ ਡਾ. ਹਰਬੰਸ ਕੌਰ ਸਾਗੂ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਸ. ਸੁਖਦੇਵ ਸਿੰਘ ਸ਼ਾਂਤ ਦੇ ਲੈਕਚਰ ਦੀ ਸਿਫ਼ਤ ਕਰਦਿਆਂ ਗੁਰੂ ਗ੍ਰੰਥ ਸਾਹਿਬ 'ਚ ਦਰਜ ਭਗਤ ਬਾਣੀ ਬਾਰੇ ਹੋਰ ਖੁਲਾਸਾ ਕੀਤਾ। ਉਹਨਾਂ ਅਨੁਸਾਰ ਗੁਰੂ ਨਾਨਕ ਸਾਹਿਬ ਵੱਲੋਂ ਭਗਤਾਂ ਦੀ ਬਾਣੀ ਨੂੰ ਇਕੱਤਰ ਕਰਨ ਦੇ ਨਾਲ-ਨਾਲ ਕਰਤਾਰਪੁਰ ਵਿਖੇ ਉਸਦੀ ਸਾਰ-ਸੰਭਾਲ ਦਾ ਕੰਮ ਵੀ ਸ਼ੁਰੂ ਹੋ ਗਿਆ ਸੀ ਜੋ ਗੁਰੂ ਅਰਜਨ ਸਾਹਿਬ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਪੂਰਾ ਹੋਇਆ। ਭਗਤਾਂ ਦੀ ਬਾਣੀ ਦਰਜ ਕਰਨ ਵੇਲੇ ਉਨ੍ਹਾਂ ਦੀ ਬਾਣੀ ਦੇ ਕਈ ਸੂਖਮ ਨੁਕਤਿਆਂ ਨੂੰ, ਨਾਲ ਦਰਜ ਗੁਰੂ ਸਾਹਿਬ ਦੀ ਬਾਣੀ ਰਾਹੀਂ ਸਪਸ਼ਟ ਵੀ ਕੀਤਾ ਗਿਆ ਹੈ। ਅਖ਼ੀਰ 'ਚ ਡਾ. ਰਵੇਲ ਸਿੰਘ ਨੇ ਚਰਚਾ ਨੂੰ ਸਮੇਟਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ 'ਚ ਭਗਤਾਂ ਦੀ ਬਾਣੀ ਨੂੰ ਸ਼ਾਮਿਲ ਕਰਨਾ ਇਹ ਸਮੇਂ ਦੀਆਂ ਤਾਕਤਾਂ ਨੂੰ ਇਕ ਵੰਗਾਰ ਸੀ। ਇਨ੍ਹਾਂ ਤਾਕਤਾਂ ਨੇ ਸਮਾਜ ਦੇ ਇਸ ਪੀੜਤ ਵਰਗ ਤੋਂ ਉਹਨਾਂ ਦਾ ਰੱਬ ਖੋਹ ਲਿਆ ਸੀ ਜਿਸ ਨੂੰ ਉਹਨਾਂ ਆਪਣੇ ਯਤਨਾਂ ਰਾਹੀਂ ਸਿੱਧ ਕਰ ਵਿਖਾਇਆ ਤੇ ਗੁਰੂ ਸਾਹਿਬ ਨੇ ਇਨ੍ਹਾਂ ਭਗਤਾਂ ਦੀ ਬਾਣੀ ਨੂੰ ਗੁਰਬਾਣੀ 'ਚ ਦਰਜ ਕਰ ਸਮੇਂ ਦੇ ਸਨਮੁੱਖ ਇਕ ਸਨਮਾਨਯੋਗ ਰੁਤਬਾ ਪ੍ਰਦਾਨ ਕੀਤਾ। ਉਹਨਾਂ ਇਸ ਆਨਲਾਈਨ ਚਰਚਾ 'ਚ ਸ਼ਾਮਿਲ ਸਭ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧✧



**ਆਨਲਾਈਨ ਚਰਚਾ 'ਚ ਹਿੱਸਾ ਲੈਂਦੇ ਮੁੱਖ ਵਕਤਾ ਸ. ਸੁਖਦੇਵ ਸਿੰਘ ਸ਼ਾਂਤ, ਡਾ. ਹਰਬੰਸ ਕੌਰ ਸਾਗੂ, ਡਾ. ਮਹਿੰਦਰ ਸਿੰਘ ਅਤੇ ਡਾ. ਰਵੇਲ ਸਿੰਘ**